# ਸਮਤਾ

ਸਤੰਬਰ 1985 (ਅੰਕ 64)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਜਾਤੀ ਲਾਇਬ੍ਰੇਰੀ ਵਿੱਚੋਂ।

ਸਤੰਬਰ 1985

ਮੁੱਲ—ਦੋ ਰੁਪਏ

64

## ਸੰਪਾਦਕੀ : ਜ਼ਮੀਰ ਨੂੰ ਸੁਰਖਰੂ ਰਖੀਏ

ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਹੱਤਿਆ ਨਾਲ ਪੰਜਾਬ ਡਰਾਮੇ ਦਾ ਇਕ ਹੋਰ ਪਾਤਰ ਚਲਾ ਗਿਆ ਹੈ ।

- o ਵਲੂੰਦਰਿਆ ਹੋਇਆ ਪੰਜਾਬ
- o ਟੁੱਟੀਆਂ ਸੜਕਾਂ ਵਾਲਾ ਪੰਜਾਬ
- o ਟੁੱਟੀਆਂ ਬੱਸਾਂ ਵਾਲਾ ਪੰਜਾਬ
- o ਘੱਟੇ ਤੇ ਚਿਕੜਾਂ ਵਿਚ ਫਸਿਆ ਹੋਇਆ ਪੰਜਾਬ
- o ਹੜ ਪਾਣੀਆਂ ਦੀ ਰਹਿੰਦ-ਖੂੰਹਦ ਪਾਣੀ ਦੀ ਸੜਿਆਂਦ ਮਾਰਦਾ ਪੰਜਾਬ
- o ਮੱਛਰ ਮਲੇਰੀਆ ਦਾ ਘਿਰਿਆ ਹੋਇਆ ਪੰਜਾਬ

ਜਦੋਂ ਹੈਰਾਨ ਪ੍ਰੇਸ਼ਾਨ ਹੋ ਕੇ ਖਲੋਤਾ ਹੈ ਤਾਂ ਕੁਰਸੀਆਂ ਦੇ ਦੋ ਵੱਡੇ ਚਾਹਵਾਨ, ਖੱਦਰਧਾਰੀ ਬੁੱਢੇ ਤੇ ਜਵਾਨ ਤੇ ਨੀਲੀਆਂ ਪੱਗਾਂ ਵਾਲੇ ਪਹਿਲਵਾਨ ਰਾਲਾਂ ਵਗਾਉਂਦੇ ਚੋਣ ਮੈਦਾਨ ਵਿਚ ਆ ਗਏ ਹਨ । ਇਕ ਸਾਧਾਰਨ ਵੋਟਰ ਨਾਲ ਉਹਦੀ ਵਾਰਤਾਲਾਪ ਹੁੰਦੀ ਹੈ :

—ਖੱਦਰਧਾਰੀ ਜੀ, ਇਹ ਪੰਜਾਬ ਵਿਚ ਬਰਬਾਦੀ ਅਤੇ ਤਬਾਹੀ ਜਿਹੜੀ ਪਿਛਲੇ ਕੁਝ ਸਾਲਾਂ ਵਿਚ ਹੋਈ ਹੈ, ਇਹਦਾ ਜ਼ਿੰਮੇਵਾਰ ਕੌਣ ਹੈ ?

—ਦੇਖ ਭਾਈ ਵੋਟਰਾ, ਇਹ ਤਾਂ ਉਹਨਾਂ ਕੋਲੋਂ ਪੁੱਛ ਜਿਹੜੇ ਅਮ੍ਰਿਤਸਰ ਦਰਬਾਰ ਸਾਹਿਬ ਵਿਚ ਬੈਠੇ ਮੋਰਚੇ ਲਗਾਉਂਦੇ ਸਨ, ਕਤਲਾਂ ਵਾਸਤੇ ਮੋਟਰ ਸਾਈਕਲ ਸੁਕੈਡ ਭੇਜਦੇ ਸਨ ।

—ਪਰ ਖੱਦਰਧਾਰੀ ਜੀ, ਹਕੂਮਤ ਤੇ ਤੁਹਾਡੀ ਹੀ ਸੀ । ਪਹਿਲੇ ਦਰਬਾਰਾ ਸਿੰਘ ਦੀ ਤੇ ਫੇਰ ਕੇਂਦਰ ਦੇ ਖੱਦਰਧਾਰੀਆਂ ਦੀ ।

—ਬਈ ਹਕੂਮਤ ਤਾਂ ਹੁਣ ਵੀ ਸਾਡੀ ਹੋਏਗੀ ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਹਰ ਗੱਲ ਦੇ ਜ਼ਿੰਮੇਵਾਰ ਹੋਵਾਂਗੇ । ਹਕੂਮਤ ਬਨਾਉਣਾ ਹੋਰ ਗੱਲ ਹੈ, ਜ਼ਿੰਮੇਵਾਰ ਹੋਣਾ ਹੋਰ ਗੱਲ ਹੈ । o

—ਨੀਲੀ ਪੱਗ ਵਾਲਿਓ ਗੁਰਮੁਖੋ, ਪੰਜਾਬ ਵਿਚ ਜੋ ਕੁਝ ਪਿਛਲੇ ਕੁਝ ਸਾਲਾਂ 'ਚ ਬੀਤਿਆ ਹੈ, ਉਹਦੀ ਜ਼ਿੰਮੇਵਾਰੀ ਕਿਸ ਉਤੇ ਹੈ ?

—ਭਲਿਆ ਲੋਕਾ, ਕਿਸੇ ਉਤੇ ਵੀ ਹੋਵੇ, ਸਾਡੇ ਉਤੇ ਨਹੀਂ ।

—ਕਿਉਂ ਜੀ ?

## ਇਸ ਅੰਕ ਵਿਚ :

ਸੰਪਾਦਕੀ ਟਿੱਪਣੀਆਂ 1. ਵਿਦਿਆਰਥੀ ਲਹਿਰ ਬਾਰੇ 2. ਔਰਤਾਂ ਦੀ ਆਜ਼ਾਦੀ ਬਾਰੇ

ਦੋ ਖ਼ਤ : ਕੈਲੀਫੋਰਨੀਆ ਤੋਂ ਅਤੇ ਇਕ ਦੁਖੀ ਭਰਾ ਵੱਲੋਂ

ਕਹਾਣੀ : ਅੱਗ ਦਾ ਦਰਿਆ—ਜਸਬੀਰ ਮੰਡ

ਨਿਊਜ਼ ਫਾਰ ਐਕਸ਼ਨ ਵੱਲੋਂ ਵੱਖ ਵੱਖ ਅਖ਼ਬਾਰਾਂ ਤੋਂ ਕੁਝ ਖ਼ਬਰਾਂ

ਵਿਚਾਰ ਚਰਚਾ : ਰੀਜ਼ਰਵੇਸ਼ਨ ਬਾਰੇ—ਗੁਰਨਾਮ ਸਿੰਘ ਅਤੇ ਇਕ ਕਮਿਊਨਿਸਟ ਇਨਕਲਾਬੀ ਵਲੋਂ

ਪੰਜ ਕਿਤਾਬਾਂ ਦਾ ਚਰਚਾ : ਪਹੁੰਚੇ ਹਾਂ ਕਿਸ ਮੁਕਾਮ ਤੇ o ਮਹਾਂ ਭੋਜ o ਕੁਝ ਵੀ ਨਹੀਂ o ਫੱਟੜ ਸ਼ੀਹਣੀ o ਲਹੂ ਬੋਲਦਾ ਹੈ

ਪੁਸਤਕ ਪਹਿਚਾਨ : ਤੀਲੇ ਤੇ ਆਲ੍ਹਣਾ

—ਕਿਉਂਕਿ ਅਸੀਂ ਤਾਂ ਜ਼ਿੰਮੇਵਾਰ ਕਦੀ ਹੋਏ ਹੀ ਨਹੀਂ। ਮਹਾਰਾਜ ਦਾ ਵਾਕ ਲੈ ਕੇ ਮੋਰਚਾ ਲਾਈਦਾ ਹੈ ਤੇ ਮਹਾਰਾਜ ਦਾ ਹੀ ਵਾਕ ਲੈ ਕੇ ਮੋਰਚਾ ਵਾਪਸ ਲੈ ਲਾਈਦਾ ਹੈ। ਇਹ ਤਾਂ ਸਭ ਉਪਰ ਵਾਲੇ ਦੇ ਚੋਜ ਨੇ। ੦੦

ਮੇਰੇ ਵੋਟਰ ਵੀਰੋ, ਮੈਂ ਸਿਰਫ਼ ਇਹਨਾਂ ਦੋ ਧਿਰਾਂ ਦੀ ਹੀ ਗੱਲ ਕੀਤੀ ਹੈ, ਕਿਉਂਕਿ ਇਹਨਾਂ ਦੋ ਧਿਰਾਂ ਵਿਚੋਂ ਹੀ ਇਕ ਨੇ ਹਕੂਮਤ ਬਨਾਉਣੀ ਹੈ। ਸੰਭਾਵਨਾ ਇਹ ਵੀ ਹੈ ਕਿ ਇਹ ਦੋਨੋਂ ਮਿਲਕੇ ਵੀ ਤੁਹਾਡੇ ਉਤੇ ਹਕੂਮਤ ਕਰਨਗੇ। ਇਹ ਦੋਨੋਂ ਧਿਰਾਂ ਮਿਲਕੇ ਸੌ ਫੀਸਦੀ ਉਸ ਸੰਤਾਪ ਦੀਆਂ ਜ਼ਿੰਮੇਵਾਰ ਹਨ, ਜੋ ਅਸੀਂ ਸਾਰੇ ਪੰਜਾਬੀਆਂ ਨੇ ਮਿਲਕੇ ਭੋਗਿਆ ਅਤੇ ਹੁਣ ਵੀ ਭੋਗ ਰਹੇ ਹਾਂ। ਇਹਨਾਂ ਵਿਚੋਂ ਕਿਸੇ ਨੂੰ ਵੀ ਵੋਟ ਪਾਉਣੀ ਬੜੀ ਸਖ਼ਤ ਗਲਤੀ ਹੋਵੇਗੀ। ਤੁਸੀਂ ਪੁਛੋਗੇ, ਫੇਰ ਕਿਸਨੂੰ ਪਾਈਏ ? ਇਹ ਆਖਿਆ ਜਾ ਸਕਦਾ ਹੈ ਕਿ ਖੱਬੀ ਧਿਰ ਦੇ ਉਮੀਦਵਾਰਾਂ ਨੂੰ ਪਾਈਆਂ ਜਾ ਸਕਦੀਆਂ ਹਨ। ਉਹਨਾਂ ਦਾ ਰੀਕਾਰਡ ਇਹ ਜ਼ਰੂਰ ਦੱਸਦਾ ਹੈ ਕਿ ਉਹਨਾਂ ਨੇ ਜੇ ਕੋਈ ਇਸ ਸੰਤਾਪ ਨੂੰ ਮੁਕਾਉਣ ਵਾਸਤੇ ਬਹੁਤੀ ਅਸਰਦਾਇਕ ਕਾਰਵਾਈ ਨਹੀਂ ਕੀਤੀ ਤਾਂ ਕਮਅਜ਼ਕਮ ਉਨ੍ਹਾਂ ਨੇ ਇਸਦੇ ਜ਼ਹਿਰ ਨੂੰ ਰੋਕਣ 'ਚ ਵਿਤ ਅਨੁਸਾਰ ਆਪਣਾ ਹਿੱਸਾ ਜ਼ਰੂਰ ਪਾਇਆ ਹੈ। ਪਰ ਜੇ ਮਨ ਨਹੀਂ ਮੰਨਦਾ ਤਾਂ ਕਿਸੇ ਨੂੰ ਵੀ ਨਾ ਪਾਵੋ। ਇਸ ਤਰ੍ਹਾਂ ਕਮਅਜ਼ਕਮ ਆਪਣੀ ਜ਼ਮੀਰ ਨੂੰ ਤਾਂ ਜ਼ਰੂਰ ਸੁਰਖ਼ਰੂ ਰੱਖੋ। ਹਕੂਮਤ ਬਨਾਉਣ ਵਾਲਿਆਂ ਨੇ ਅਗਲੇ ਪੰਜ ਸਾਲ ਤੁਹਾਡੀ ਛਿੱਲ ਲੋਹਣੀ ਹੀ ਲੋਹਣੀ ਹੈ। ਪਰ ਉਹ ਇਹ ਤਾਂ ਨਾ ਕਹਿ ਸਕਣ ਕਿ ਉਹ ਤੁਹਾਡੇ ਚੁਣੇ ਹੋਏ ਨੁਮਾਇੰਦੇ ਹਨ। ਤੁਸੀਂ ਉਹਨਾਂ ਦੀ ਪਰਚੀ ਤੇ ਮੋਹਰ ਲਗਾਈ ਸੀ।

ਆਉਣ ਵਾਲਾ ਦੌਰ ਹੁਣ ਲੋਕ ਸੰਘਰਸ਼ਾਂ ਦਾ ਦੌਰ ਹੋਣਾ ਹੈ। ਇਲਾਕਿਆਂ ਵਿਚ ਲੋਕ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕਮੇਟੀਆਂ ਬਣਨੀਆਂ ਹੀ ਬਣਨੀਆਂ ਹਨ। ਫੈਸਲੇ ਜੇ ਅਸੈਂਬਲੀਆਂ ਵਿਚ ਹੋਣੇ ਹਨ ਤਾਂ ਸੜਕਾਂ ਤੇ ਵੀ ਹੋਣੇ ਹਨ। ਆਉਣ ਵਾਲੇ ਸੰਘਰਸ਼ਾਂ ਦੀ ਖਾਤਿਰ ਅਪਣੀ ਜ਼ਮੀਰ ਨੂੰ ਸੁਰਖ਼ਰੂ ਰੱਖਣਾ ਬੜਾ ਜ਼ਰੂਰੀ ਹੈ। ਇਸਦੇ ਲਈ ਇਹ ਵੀ ਜ਼ਰੂਰੀ ਹੈ ਕਿ ਕਿਸੇ ਗ਼ਲਤ ਉਮੀਦਵਾਰ ਵਾਸਤੇ ਪਰਚੀ ਤੇ ਮੋਹਰ ਨਹੀਂ ਲਗਾਉਣੀ। —ਗੁਰਸ਼ਰਨਸਿੰਘ

---

## ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਸਤੰਬਰ 1985 ਵਿਚ ਦੋ ਵੱਡੇ ਸਮਾਗਮ

**15 ਸਤੰਬਰ** ਪਟਿਆਲਾ—4 ਵਜੇ ਦੁਪਹਿਰ ਤੋਂ ਦੇਰ ਰਾਤ ਤੱਕ। 4 – 7 ਵਜੇ ਸ਼ਾਮ, ਗੀਤ ਅਤੇ ਕਵਿਤਾ ਸਮਾਗਮ। 8 ਵਜੇ ਤੋਂ ਰਾਤ ਇਕ ਵਜੇ ਤੱਕ ਨਾਟਕ ਸਮਾਗਮ। ਮੰਚ ਦੀਆਂ ਚੋਣਵੀਆਂ ਟੀਮਾਂ ਇਸ ਸਮਾਗਮ ਵਿਚ ਭਾਗ ਲੈਣਗੀਆਂ ਥਾਂ : ਰਵੀਦਾਸ ਮੰਦਰ, ਦੂਖ ਨਿਵਾਰਨ ਰੋਡ, ਪਟਿਆਲਾ। ਸਹਿਯੋਗ : ਪੀਪਲਜ਼ ਸਟੱਡੀ ਸੈਂਟਰ, ਪਟਿਆਲਾ।

**29 ਸਤੰਬਰ** ਅਰੰਮਪਰ (ਅਨੰਦਪੁਰ ਸਾਹਿਬ) : 2 ਵਜੇ ਦੁਪਹਿਰ ਤੋਂ ਦੇਰ ਰਾਤ ਤੱਕ

2 – 4 ਵਜੇ ਤੋਂ ਸਾਹਿਤਕ ਸਮਾਗਮ : ਅੰਧ ਵਿਸ਼ਵਾਸ ਵਿਰੁੱਧ ਸੰਘਰਸ਼ ਵਿਚ ਲੇਖਕ ਦਾ ਕਰੱਤਵ : ਇਸ ਗੋਸ਼ਟੀ ਨੂੰ ਗੁਰਸ਼ਰਨ ਸਿੰਘ ਅਰੰਭ ਕਰਨਗੇ। 4 – 7 ਵਜੇ ਤੱਕ ਗੀਤ ਅਤੇ ਕਵਿਤਾ ਸਮਾਗਮ। 8 ਵਜੇ ਤੋਂ ਰਾਤ 1 ਵਜੇ ਤੱਕ : ਨਾਟਕ ਸਮਾਗਮ। ਮੰਚ ਦੀਆਂ ਚੋਣਵੀਆਂ ਟੀਮਾਂ ਇਸ ਸਮਾਗਮ ਵਿਚ ਹਿੱਸਾ ਲੈਣਗੀਆਂ। —ਸਬਜਿੰਦਰ ਕੇਦਾਰ

ਜ. ਸਕੱਤ੍ਰ ਪਲਸ ਮੰਚ

---

ਪਲਸ ਮੰਚ ਦੀ ਸੂਬਾ ਕਮੇਟੀ ਦੀ ਮੀਟਿੰਗ 8 ਸਤੰਬਰ, ਦਿਨ ਦੇ 11 ਵਜੇ ਦੇਸ਼ ਭਗਤ ਹਾਲ ਵਿਚ ਹੋ ਰਹੀ ਹੈ। ਇਸ ਵਿਚ ਹੇਠ ਲਿਖੇ ਵਿਸ਼ਿਆਂ ਤੇ ਫੈਸਲਾ ਲਿਆ ਜਾਏਗਾ :

1. ਅਕਤੂਬਰ ਨੂੰ ਮੋਗਾ ਵਿਚ ਇਲਾਕੇ ਵਿਖੇ ਵਿਦਿਆਰਥੀ ਸ਼ਹੀਦਾਂ ਨੂੰ ਸਮਰਪਤ ਪਲਸ ਮੰਚ ਦਾ ਵੱਡਾ ਸਮਾਗਮ।
2. ਸੁਖਪਾਲ ਅਤੇ ਸਾਧੂ ਵੱਲੋਂ ਸੰਪਾਦਤ ਕੀਤੀ ਕੈਨੇਡਾ ਵਿਚ ਫਿਰਕਾਪ੍ਰਸਤੀ ਵਿਰੁੱਧ ਲਿਖੀਆਂ ਕਵਿਤਾਵਾਂ ਦੇ ਸੰਗ੍ਰਹਿ ਦਾ ਮੰਚ ਵੱਲੋਂ ਛਾਪਣ ਬਾਰੇ ਫੈਸਲਾ।
3. ਨਵੰਬਰ ਵਿਚ ਹੋ ਰਹੇ ਮੰਚ ਦੇ ਸਾਲਾਨਾ ਸਾਹਿਤਕ ਸਮਾਗਮ ਦੀ ਰੂਪ ਰੇਖਾ।

ਸੰਬੰਧਤ ਸੱਜਣ ਸਮੇਂ ਸਿਰ ਪੁੱਜ ਜਾਣ ਤੇ ਇਸੇ ਸੂਚਨਾ ਨੂੰ ਖਤ ਸਮਝਿਆ ਜਾਏ। ਪਲਸ ਮੰਚ ਦੇ ਮੈਂਬਰ ਸੰਸਥਾ ਲੋਕ ਨਾਟਕ ਕਲਾ ਕੇਂਦਰ ਬੁਘੀਪੁਰ ਤੇ ਨਾਲ ਹੀ ਵਿਦਿਆਰਥੀ ਨੁਮਾਇੰਦਿਆਂ ਨੂੰ ਸੱਦਾ ਹੈ ਕਿ ਉਹ ਇਸ ਮੀਟਿੰਗ ਵਿਚ ਆਉਣ ਤਾਂ ਜੋ ਮੋਗਾ ਸਮਾਗਮ ਬਾਰੇ ਉਹਨਾਂ ਨਾਲ ਸਲਾਹ ਮਸ਼ਵਰਾ ਕੀਤਾ ਜਾ ਸਕੇ। ਪਲਸ ਮੰਚ ਦੀ ਪ੍ਰਕਾਸ਼ਨ ਕਮੇਟੀ ਦੇ ਮੈਂਬਰ ਹਰ ਹਾਲਤ ਵਿਚ ਪੁਜਣ। —ਸਬਜਿੰਦਰ ਕੇਦਾਰ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ *120* ਰੁਪਏ

## ਸੰਪਾਦਕੀ ਟਿਪਣੀਆਂ

### 1. ਵਿਦਿਯਾਰਥੀ ਲਹਿਰ ਬਾਰੇ ਕਨਵੈਂਨਸ਼ਨ

ਐਸ. ਡੀ. ਕਾਲਜ, ਬਰਨਾਲਾ ਵਿਖੇ 13 ਸਤੰਬਰ ਸਵੇਰੇ ਦਸ ਵਜੇ ਤੋਂ ਸ਼ਾਮ 5 ਵਜੇ ਤਕ ਵਿਦਿਯਾਰਥੀ ਲਹਿਰ ਦੇ ਮਸਲਿਆਂ ਬਾਰੇ ਇਕ ਕਨਵੈਨਸ਼ਨ ਹੋ ਰਹੀ ਹੈ, ਜਿਸ ਵਿਚ ਸਮੂਹ ਵਿਦਿਯਾਰਥੀਆਂ ਅਤੇ ਉਹਨਾਂ ਦੀਆਂ ਜਥੇਬੰਦੀਆਂ ਨੂੰ ਆਉਣ ਲਈ ਸੱਦਾ ਦਿਤਾ ਗਿਆ ਹੈ। ਇਹ ਇਕ ਬਹੁਤ ਵਧੀਆ ਕਦਮ ਹੈ। ਅਸੀਂ ਸਮਝਦੇ ਹਾਂ ਕਿ ਵਿਦਿਯਾਰਥੀ ਵਰਗ ਲੋਕ ਚੇਤਨਾ ਨੂੰ ਜਾਗਰੂਕ ਕਰਨ ਵਿਚ ਇਕ ਵਿਸ਼ੇਸ਼ ਹਿੱਸਾ ਪਾ ਸਕਦਾ ਹੈ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਵਿਦਿਯਾਰਥੀਆ ਨੇ ਇਤਹਾਸਕ ਭੂਮਿਕਾ ਨਿਭਾਈ, 1967 ਤੋਂ 1980 ਤਕ ਦੇ ਦੌਰ ਵਿਚ ਇਨਕਲਾਬੀ ਚੇਤਨਾ ਨੂੰ ਬੜ੍ਹਾਵਾ ਦੇਣ ਵਿਚ ਵੀ ਵਿਦਿਯਾਰਥੀਆਂ ਦਾ ਇਕ ਮਹਤੱਵਪੂਰਬ ਹਿੱਸਾ ਹੈ। ਅਜ ਵਿਦਿਯਾਰਥੀ ਲਹਿਰ ਦੀ ਪਹਿਲੇ ਵਾਲੀ ਚੜ੍ਹਤ ਨਹੀਂ, ਪਰ ਇਹਦੀ ਲੋੜ ਅੱਗੇ ਨਾਲੋਂ ਵੱਧ ਹੈ। ਵਿਦਿਯਾਰਥੀ ਲਹਿਰ ਬਾਰੇ ਦੋ ਲਿਖਤਾਂ ਸਾਨੂੰ ਮਿਲੀਆਂ ਹਨ, ਜੋ ਅਸੀਂ ਸੰਖੇਪ ਤੌਰ ਤੇ ਹੇਠ ਛਾਪ ਰਹੇ ਹਾਂ। ਇਹਨਾਂ ਵਿਚ ਉਠਾਏ ਨੁੱਕਤੇ ਵਿਦਿਯਾਰਥੀ ਕਨਵੈਨਸ਼ਨ ਵਿਚ ਗੰਭੀਰ ਰੂਪ ਵਿਚ ਵਿਚਾਰ ਵਟਾਂਦਰਾ ਕਰਨ ਲਈ ਆਰੰਭਕ ਭੂਮਿਕਾ ਨਿਭਾ ਸਕਦੇ ਹਨ।

1. ਵਿਦਿਯਾਰਥੀ ਵਰਗ ਦੀ ਏਕਤਾ ਬਾਰੇ
2. ਵਿਦਿਯਾਰਥੀ ਵਰਗ ਦੀ ਇਕ ਯੂਨੀਅਨ

#### ਵਿਦਿਯਾਰਥੀ ਵਰਗ ਦੀ ਏਕਤਾ ਬਾਰੇ

ਚੜ੍ਹਦੇ ਦਿਨ ਮਹਿੰਗੀ ਹੋ ਰਹੀ ਵਿਦਿਆ, ਵਿਦਿਅਕ ਅਧਿਕਾਰੀਆਂ ਵਲੋਂ ਨਿੱਤ ਰੋਜ਼ ਲਾਈਆਂ ਜਾ ਰਹੀਆਂ ਸ਼ਰਤਾਂ ਅਤੇ ਵਿਦਿਆ ਪ੍ਰਾਪਤੀ ਲਈ ਆ ਰਹੀਆਂ ਦਿੱਕਤਾਂ ਵਿਦਿਆਰਥੀ ਵਰਗ ਨੂੰ ਜਥੇਬੰਦ ਹੋਣ ਲਈ ਪ੍ਰੇਰਤ ਕਰ ਰਹੀਆਂ ਹਨ। ਇਸ ਕਰਕੇ ਵਿਦਿਆਰਥੀ ਵਰਗ ਦੀ ਏਕਤਾ ਵਿਦਿਆਰਥੀਆਂ ਦੇ ਮਨਾਂ ਦੀ ਮਚਲਦੀ ਤਾਂਘ ਅਤੇ ਸਮੇਂ ਦੀ ਅਹਿਮ ਲੋੜ ਹੈ।

ਵਿਦਿਆਰਥੀ ਵਰਗ ਦੀ ਏਕਤਾ ਕਿਵੇਂ ਹੋਵੇ? ਇਸ ਸਬੰਧੀ ਵੱਖ ਵੱਖ ਵਿਚਾਰ ਪਾਏ ਜਾ ਰਹੇ ਹਨ। ਜਿਨ੍ਹਾਂ ਵਿਚੋਂ ਪਹਿਲਾਂ ਵਿਚਾਰ ਇਹ ਹੈ ਕਿ ਵਿਦਿਆਰਥੀ ਵਰਗ ਦੀ ਏਕਤਾ ਰਾਜਨੀਤੀ ਤੋਂ ਪੂਰੀ ਤਰ੍ਹਾਂ ਨਿਰਲੇਪ ਰਹਿ ਕੇ ਸਿਰਫ ਵਿਦਿਅਕ ਮਸਲਿਆਂ ਨੂੰ ਅਧਾਰ ਬਣਾ ਕੇ ਹੋ ਸਕਦੀ ਹੈ। ਦੂਜਾ ਵਿਚਾਰ ਇਹ ਹੈ ਕਿ ਵਿਦਿਆਰਥੀ ਵਰਗ ਦੀ ਏਕਤਾ ਇਕ ਵਿਸ਼ੇਸ਼ ਰਾਜਨੀਤੀ ਨੂੰ ਅਧਾਰ ਬਣਾ ਕੇ ਹੋ ਸਕਦੀ ਹੈ। ਉਪ੍ਰੋਕਤ ਦੋਵੇਂ ਵਿਚਾਰ ਹੀ ਇਕ ਪਾਸੜ ਹਨ। ਪਹਿਲਾਂ ਵਿਚਾਰ ਰਾਜਨੀਤੀ ਤੋਂ ਦੂਰ ਰਹਿਣ ਦੀ ਪ੍ਰੇਰਣ ਦੇ ਕੇ ਸਿਰਫ ਵਿਦਿਅਕ ਮਸਲਿਆਂ ਤੱਕ ਸੀਮਤ ਕਰਦਾ ਹੈ। ਦੂਜਾ ਵਿਚਾਰ ਜਿੰਨੀਆਂ ਰਾਜਨੀਤਕ ਪਾਰਟੀਆਂ ਉਨੀਆਂ ਹੀ ਵਿਦਿਆਰਥੀ ਯੂਨੀਅਨਾਂ ਦੀ ਲਾਈਨ ਲੈ ਕੇ ਏਕਤਾ ਦਾ ਮੁਦਈ ਹੋਣ ਦਾ ਦਾਅਵਾ ਕਰਕੇ ਵੀ ਅਨੇਕਤਾਂ ਪੈਦਾ ਕਰ ਰਿਹਾ ਹੈ।

ਦੇਖਣਾ ਇਹ ਹੈ ਵਿਦਿਆਰਥੀਆਂ ਦਾ ਚੇਤਨ ਪੱਧਰ ਕਿਥੇ ਖੜਾ ਹੈ ਅਤੇ ਵੱਖ ਵੱਖ ਵਿਚਾਰਾਂ ਨੂੰ ਕਿਸ ਨਕਤੇ ਤੋਂ ਇਕ ਕੀਤਾ ਜਾ ਸਕਦਾ ਹੈ। ਅਸਲੀਅਤ ਇਹ ਹੈ ਵਿਦਿਆਰਥੀ ਵਰਗ ਤੇ ਤਬਕਾਤੀ ਹਿੱਤਾਂ [ਆਰਥਿਕ, ਰਾਜਨੀਤਕ, ਤੇ ਸਭਿਆਚਾਰਕ] ਨੂੰ ਅਧਾਰ ਬਣਾ ਕੇ ਵਿਦਿਆਰਥੀ ਏਕਤਾ ਕੀਤੀ ਜਾ ਸਕਦੀ ਹੈ। ਜਿਸ ਵਿਚ ਵੱਖ ਵੱਖ ਵਿਚਾਰਾਂ ਦੇ ਸਾਰੇ ਵਿਦਿਆਰਥੀ ਆ ਸਕਦੇ ਹਨ। ਵਿਦਿਆਰਥੀ ਜਥੇਬੰਦੀ ਦੀ ਮੈਂਬਰਸ਼ਿਪ ਉਨ੍ਹਾਂ ਸਾਰੇ ਵਿਦਿਆਰਥੀਆਂ ਲਈ ਖੁੱਲ੍ਹੀ ਹੋਣੀ ਚਾਹੀਦੀ ਹੈ ਜੋ ਵਿਚਾਰ ਕੋਈ ਵੀ ਅਪਣਾਏ ਪਰ ਵਿਦਿਆਰਥੀ ਹਿੱਤਾਂ ਲਈ ਚਲ ਰਹੇ ਸੰਘਰਸ਼ਾਂ 'ਚ ਸਹਿਯੋਗ ਦੇਵੇ। ਜਥੇਬੰਦੀ ਨੂੰ ਕਿਸੇ ਵੀ ਰਾਜਨੀਤਕ ਵਿਚਾਰਾਂ ਤੇ ਰੋਕ ਨਹੀਂ ਲਾਉਣੀ ਚਾਹੀਦੀ। ਰਾਜਨੀਤਕ ਵਿਚਾਰ ਇਸ ਢੰਗ ਨਾਲ ਪੇਸ਼ ਕੀਤੇ ਜਾਣ ਕਿ ਉਹ ਵਿਦਿਆਰਥੀ ਹਿਤਾਂ ਦੇ ਉਲਟ ਨਾ ਭੁਗਤਣ। ਇਸ ਲਈ ਇਹ ਗੱਲ ਜ਼ੋਰ ਨਾਲ ਕਹੀ ਜਾ ਸਕਦੀ ਹੈ ਕਿ ਵੱਖ ਵੱਖ ਵਿਚਾਰ ਹੋਣ ਦੇ ਬਾਵਜੂਦ ਵੀ ਵਿਦਿਆਰਥੀਆਂ ਦੀ ਇਕ ਜਥੇਬੰਦੀ ਬਣ ਸਕਦੀ ਹੈ।

ਜਗਤਾਰ ਸਿੰਘ / ਜਨਰਲ ਸਕੱਤਰ
ਪੰਜਾਬ ਸਟੂਡੈਂਟਸ ਯੂਨੀਅਨ

**o ਸਮੁੱਚੇ ਵਿਦਿਯਾਰਥੀ ਵਰਗ ਦੀ ਇਕ ਯੂਨੀਅਨ** : ਅਜ ਪੰਜਾਬ ਦੀ ਵਿਦਿਯਾਰਥੀ ਲਹਿਰ ਵਿਚ A. I. S. F., SFI, AISSF, ABVP, NSUI, P.SU (ਧਾਲੀਵਾਲ) PSU (ਹਰਭਜਨ) PSU (ਜਗਤਾਰ) ਅਤੇ CYL ਜਥੇਬੰਦੀਆਂ ਹਨ, ਪਰ ਇਹਨਾਂ ਵਿਚੋਂ ਕੋਈ ਵੀ ਐਸੇ ਜਥੇਬੰਦੀ ਨਹੀਂ, ਜਿਹੜੀ ਦਾਅਵਾ ਕਰ ਸਕੇ ਕਿ ਉਹਦਾ ਅਸਰ ਰਸੂਖ ਐਸਾ ਹੈ ਕਿ ਉਹ ਸਮੁੱਚੇ ਪੰਜਾਬ ਦੇ ਵਿਦਿਯਾਰਥੀਆਂ ਦੀ ਬਾਂਹ ਫੜ ਸਕਦੀ ਹੈ। ਇਹੋ ਜਿਹੀ ਹਾਲਤ ਵਿਚ ਇਕ ਐਸੇ ਜਥੇਬੰਦੀ ਬਨਾਉਣਾ, ਜਿਹੜੀ ਵਿਦਿਯਾਰਥੀਆਂ ਦੇ ਹਿੱਤਾਂ ਦੀ ਨਿਗਰਾਨੀ ਕਰ ਸਕੇ, ਏਜੈਂਡਾਂ ਤੇ ਆ ਚੁੱਕੀ ਹੈ। ਮੇਰੇ ਵਿਚਾਰ ਵਿਚ ਇਹ ਜਥੇਬੰਦੀ ਐਸੀ ਹੋਣੀ ਚਾਹੀਦੀ ਹੈ, ਜਿਸ ਵਿਚ ਸਾਰੇ ਸਿਆਸੀ ਵਿਚਾਰਾ ਵਾਲੇ ਲੋਕ ਆ ਸਕਨ ਅਤੇ ਉਹਨਾਂ ਨੂੰ ਆਪਣੀ ਸਿਆਸਤ ਦੇਣ ਦੀ ਖੁਲ੍ਹ ਹੋਵੇ, ਪਰ ਜਿਸ ਦੀ ਚੋਣ ਜਮਹੂਰੀ ਢੰਗ ਨਾਲ ਸਾਰੇ ਵਿਦਿਯਾਰਥੀ ਕਰਨ ਤੇ ਹਰ ਸਿਆਸਤ ਦੇ ਵਿਦਿਯਾਰਥੀ

ਉਸ ਚੋਣ ਦਾ ਸਤਿਕਾਰ ਕਰਨ ਦੇ ਵਚਨਬੱਧ ਹੋਣ। ਇਹੋ ਜਿਹੀਆਂ ਜਥੇਬੰਦੀਆਂ ਸਰਕਾਰੀ ਟੀਚਰਜ਼ ਯੂਨੀਅਨ ਅਤੇ ਬਿਜਲੀ ਬੋਰਡ ਦੀ ਟੈਕਨੀਕਲ ਸਰਵਿਸ ਯੂਨੀਅਨ ਹੁਣ ਪੰਜਾਬ ਵਿਚ ਸਥਾਪਤ ਹਨ। ਇਹ ਜਥੇਬੰਦੀ ਦਫਤਰੀ ਯੂਨੀਅਨ ਤੋਂ ਅਲੱਗ ਹੋਵੇਗੀ ਕਿਉਂਕਿ ਇਸ ਵਿਚ ਸਥਾਨਕ ਪੱਧਰ ਦੇ ਚੌਧਰੀ ਜਾਂ ਗੁੰਡਾਢਾਣੀ ਅਸਰ ਅੰਦਾਜ਼ ਨ੍ਹੂੰ ਹੋਵੇਗੀ। ਇਹ ਜਥੇਬੰਦੀ ਵਿਦਿਆਰਥੀਆਂ ਦੀਆਂ ਮੰਗਾਂ ਬਾਰੇ ਯੂਨੀਵਰਸਟੀ ਤੇ ਕਾਲਜ ਦੇ ਪੱਧਰ ਤੇ ਅਧਿਕਾਰੀਆਂ ਨਾਲ ਗੱਲਬਾਤ ਸ਼ਕਤੀਸ਼ਾਲੀ ਤਰੀਕੇ ਨਾਲ ਕਰਨ ਦੇ ਯੋਗ ਹੋਵੇਗੀ ਕਿਉਂਕਿ ਉਹ ਦਾਅਵਾ ਕਰ ਸਕੇਗੀ ਕਿ ਵਿਦਿਆਰਥੀ ਵਰਗ ਉਹਦੇ ਪਿਛੇ ਹੈ। ਇਸ ਮੁਸ਼ਕਲ ਕੰਮ ਨੂੰ ਬਗ਼ੈਰ ਦੇਰ ਕੀਤੇ ਹੱਥ ਵਿਚ ਲੈਣਾ ਚਾਹੀਦਾ ਹੈ। ਬਲਵਿੰਦਰ ਚਾਹਲ, ਮਸਤੂਆਣਾ

## 2. ਔਰਤਾਂ ਦੇ ਹੱਕਾਂ ਬਾਰੇ

ਔਰਤਾਂ ਦੇ ਹੱਕਾਂ ਬਾਰੇ ਸਮਾਜ ਦਾ ਧਿਆਨ ਖਿੱਚਣ ਲਈ ਸੰਸਾਰ ਭਰ ਵਿਚ ਸਾਲ 1975 ਤੋਂ ਲੈ ਕੇ 1985 ਤਕ ਇਕ ਦਹਾਕਾ ਮਨਾਇਆ ਗਿਆ ਹੈ। ਹੁਣੇ ਹੁਣੇ ਨੈਰੋਬੀ ਵਿਚ ਹੋਈਆਂ ਦੋ ਕਾਨਫਰੰਸਾਂ ਨੇ ਇਸ ਦਹਾਕੇ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਦਾ ਲੇਖਾ ਜੋਖਾ ਕੀਤਾ ਹੈ। ਇਹ ਕਾਨਫਰੰਸਾਂ ਦੋ ਪੱਧਰ ਤੇ ਹੋਈਆਂ ਹਨ। ਇਕ ਕਾਨਫਰੰਸ ਵਿਚ ਤਾਂ ਉਹਨਾਂ ਔਰਤਾਂ ਨੇ ਹਿੱਸਾ ਲਿਆ ਹੈ ਜੋ ਇਕ ਕਿਸਮ ਦੀਆਂ ਆਪਣੇ ਆਪਣੇ ਦੇਸ਼ ਦੀਆਂ ਸਰਕਾਰਾਂ ਦੀ ਨੁਮਾਇੰਦਗੀ ਕਰਦੀਆਂ ਸਨ ਤੇ ਉਨ੍ਹਾਂ ਦੇ ਪੱਖ ਪੂਰਦੀਆਂ ਸਨ। ਦੂਜੀ ਕਾਨਫਰੰਸ ਵਿਚ ਉਹਨਾਂ ਨੇ ਹਿੱਸਾ ਲਿਆ ਹੈ ਜੋ ਔਰਤਾਂ ਦੇ ਹੱਕਾਂ ਦੀ ਲੜਾਈ ਨੂੰ ਜਮਾਤੀ ਲੜਾਈ ਤੋਂ ਵੱਖ ਨਹੀਂ ਸਮਝਦੀਆਂ। ਉਹਨਾਂ ਦਾ ਮੱਤ ਹੈ ਕਿ ਔਰਤਾਂ ਦੀ ਮੁਕਤੀ ਦੀ ਲੜਾਈ ਸਮੁੱਚੇ ਮਨੁੱਖ ਦੀ ਮੁਕਤੀ ਦੀ ਲੜਾਈ ਤੋਂ ਵੱਖ ਨਹੀਂ ਕੀਤੀ ਜਾ ਸਕਦੀ। ਇਹ ਫ਼ਰਕ ਹੋਣ ਦੇ ਬਾਵਜੂਦ ਵੀ ਦੋਨੋਂ ਕਾਨਫਰੰਸਾਂ ਦੇਡੈਲੀਗੇਟਾਂ 'ਚ ਇਹ ਆਮ ਸਹਿਮਤੀ ਸੀ ਕਿ ਸਮੁੱਚੇਸੰਸਾਰ ਦੇ ਪ੍ਰਸੰਗ 'ਚ ਲੈਂਦਿਆਂ ਭਾਵੇਂ ਪਿਛਲੇ ਇਕ ਦਹਾਕੇ ਵਿਚ ਔਰਤਾਂ ਆਪਣੇ ਲਈ ਹੋਰ ਖਾਸ ਹੱਕ ਨਹੀਂ ਜਿੱਤ ਸਕੀਆਂ, ਪਰ ਇਹ ਦਹਾਕਾ ਏਨੀ ਕੁ ਸਫਲਤਾ ਜ਼ਰੂਰ ਲੈ ਸਕਿਆ ਹੈ ਕਿ ਔਰਤਾਂ ਦੇ ਹੱਕਾਂ ਦੀ ਗੱਲ ਸਮਾਜ ਦੇ ਏਜੰਡੇ ਤੇ ਆ ਗਈ ਹੈ। ਔਰਤਾਂ ਮਨੁੱਖੀ **ਸਮਾਜ ਦੀ ਅੱਧੀ ਆਬਾਦੀ ਹਨ। ਕੁਲ ਕਿਰਤ ਵਿਚੋਂ ਦੋ ਤਿਹਾਈ ਕਿਰਤ (ਬੱਚੇ ਪਾਲਣਾ, ਘਰ ਦਾ ਕੰਮ, ਫੈਕਟਰੀਆਂ ਅਤੇ ਖੇਤਾਂ ਵਿਚ ਕੰਮ) ਔਰਤਾਂ ਕਰਦੀਆਂ ਹਨ, ਪਰ ਉਹਨਾਂ ਦੀ ਕੁਲ ਆਮਦਨ ਵਿਚ ਹਿੱਸਾ ਸ਼ਿਰਫ $\frac{1}{10}$ ਹੈ ਅਤੇ ਕੁਲ ਸੰਪਤੀ ਵਿਚ ਹਿੱਸਾ $\frac{1}{100}$ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਹਾਲੀ ਵੀ ਇਕ ਨਿਮਨ ਥਾਂ ਰੱਖਦੀ ਹੈ।** ਇਹਦਾ ਕਾਰਨ ਇਹ ਨਹੀਂ ਕਿ ਉਹਦੀ ਜਿਸਮਾਨੀ ਤਾਕਤ ਘੱਟ ਹੈ (ਉਹ ਦੋ ਤਿਹਾਈ ਕੰਮ ਕਰਦੀ ਹੈ) ਵੱਡਾ ਕਾਰਨ ਸਮਾਜ ਦੀਆਂ ਉਹ ਸਭਿਆਚਾਰਕ ਕਦਰਾਂ ਕੀਮਤਾਂ ਹਨ ਤੇ ਇਹ ਕਦਰਾਂ ਕੀਮਤਾਂ ਬਨਾਉਣ ਵਿਚ ਧਰਮ ਗ੍ਰੰਥਾਂ ਦੀ ਬੜੀ ਹੀ ਮਨਫ਼ੀ ਭੂਮਿਕਾ ਹੈ। ਇਹ ਧਰਮ ਗ੍ਰੰਥ ਭਾਵੇਂ ਹਿੰਦੂ ਮੱਤ, ਭਾਵੇਂ ਇਸਾਈ ਮੱਤ ਤੇ ਭਾਵੇਂ ਇਸਲਾਮੀ ਮੱਤ ਨਾਲ ਤੁਅੱਲਕ ਰੱਖਦੇ ਹੋਣ। ਲੋੜ ਹੈ ਔਰਤਾਂ ਬਾਰੇ ਇਹਨਾਂ ਧਾਰਨਾਵਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਚੈਲਿੰਜ ਕੀਤਾ ਜਾਏ! ਇਹ ਕੰਮ ਸੌਖਾ ਨਹੀਂ, ਕਿਉਂਕਿ ਇਹਨਾਂ ਲਿਖਤਾਂ ਨਾਲ ਖਾਹ-ਮਖਾਹ 'ਇਲਾਹੀ ਬਾਣੀ' ਦਾ ਰੁੱਤਬਾ ਜੁੜਿਆ-ਹੋਇਆ ਹੈ। ਪਰ ਇਹ ਜ਼ਰੂਰੀ ਹੈ, ਔਰਤਾਂ ਦੀ ਮੁਕਤੀ ਲਈ ਆਉਣ ਵਾਲੇ ਸਮੇਂ ਲਈ ਜਿਹੜੇ ਕੰਮ ਉਲੀਕੇ ਗਏ ਹਨ, ਉਹਨਾਂ ਵਿਚੋਂ ਇਹ ਇਕ ਵੱਡਾ ਕੰਮ ਹੈ ★

---

### ਬੀਬੀ ਸ਼ਾਹਨਾਜ਼ ਦਾ ਕੇਸ

ਇਕ ਸਾਲ ਹੋਇਆ, ਇਕ ਨਿੱਕੀ ਜਿਹੀ ਖਬਰ ਨੇ ਲੋਕਾਂ ਦਾ ਧਿਆਨ ਖਿੱਚਿਆ। ਇਕ ਮੁਸਲਮਾਨ ਯੁਵਤੀ ਸ਼ਾਹਨਾਜ਼ ਸ਼ੇਖ ਨੇ ਸੁਪਰੀਮ ਕੋਰਟ ਵਿਚ ਇਕ ਕੇਸ ਦਾਇਰ ਕਰਕੇ ਮੁਸਲਿਮ ਪਰਸਨਲ ਕਾਨੂੰਨ ਨੂੰ ਚੈਲਿੰਜ ਕੀਤਾ ਹੈ। ਜਿਸ ਵਿਚ ਮੁਸਲਮਾਨਾਂ ਨੂੰ ਇਕ ਤੋਂ ਵੱਧ ਵਿਆਹ ਕਰਨ ਦਾ ਹੱਕ ਹੈ। ਇਹ ਪਰਸਨਲ ਕਾਨੂੰਨ ਔਰਤਾਂ ਦੇ ਬਰਾਬਰੀ ਦੇ ਹੱਕਾਂ ਦੇ ਵਿਰੁਧ ਹੈ, ਜੋ ਭਾਰਤ ਦਾ ਕਾਨੂੰਨ ਔਰਤਾਂ ਨੂੰ ਬੁਨਿਆਦੀ ਹੱਕਾਂ ਦੇ ਤੌਰ ਤੇ ਮਿਲਿਆ ਹੋਇਆ ਹੈ। ਇਸ ਕੇਸ ਦੀ ਪੈਰ੍ਹਵੀ 'ਨਾਰੀ ਅਤਿਆਚਾਰ ਵਿਰੋਧੀ ਮੰਚ' ਨੇ ਆਪਣੇ ਹੱਥ ਵਿਚ ਲੈ ਲਈ ਹੈ। ਬੰਬਈ ਵਿਚ 3000 ਦਸਖ਼ਤ ਸ਼ਾਹਨਾਜ਼ ਦੇ ਹੱਕ ਵਿਚ ਕਰਵਾਏ ਗਏ, ਇਹਨਾਂ ਵਿਚ ਪ੍ਰਸਿੱਧ ਫਿਲਮੀ ਹਸਤੀਆਂ ਵੀ ਸਨ ਜੋ ਮੁਸਲਮਾਨ ਮਜ਼ਹਬ ਨਾਲ ਤੁਅੱਲਕ ਰਖਦੀਆਂ ਹਨ। ਕੁਝ ਮੁਸਲਮਾਨ ਜਨੂੰਨੀਆਂ ਨੇ ਇਹਦੀ ਵਿਰੋਧਤਾ ਕੀਤੀ ਹੈ ਤੇ ਇਸ ਨੂੰ ਘੱਟ ਗਿਣਤੀ ਦੇ ਲੋਕਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਦਖਲ ਅੰਦਾਜ਼ੀ ਕਿਹਾ ਹੈ। ਪਰ ਬਹੁਤ ਸਾਰੀਆਂ ਔਰਤਾਂ ਦੀ ਜਥੇਬੰਦੀਆਂ ਨੇ ਸੰਸਾਰ ਭਰ ਵਿਚ ਇਸ. ਮਮਲੇ ਨੂੰ ਚੁੱਕ ਲਿਆ ਹੈ, ਜਿਸ ਵਿਚ ਬਹੁਤ ਸਾਰੀਆਂ ਜਥੇਬੰਦੀਆਂ ਉਨ੍ਹਾਂ ਦੇਸ਼ਾਂ ਦੀਆਂ ਹਨ (ਇਰਾਨ, ਪਾਕਿਸਤਾਨ, ਲੈਬਨਾਨ ਆਦਿਕ) ਜਿਥੇ ਮੁਸਲਮਾਨ ਸ਼ਰੀਅਤ ਅਨੁਸਾਰ ਰਾਜ ਚਲਾਇਆ ਜਾਂਦਾ ਹੈ। ਮਜ਼ਹਬ ਤੇ ਆਧਾਰਤ ਰਹੁ-ਰੀਤੀਆਂ ਨੂੰ ਚੈਲਿੰਜ ਕਰਨ ਦਾ ਇਹ ਸੰਘਰਸ਼ ਸਮੁੱਚੇ ਔਰਤਾਂ ਦੇ ਆਪਣੇ ਹੱਕਾਂ ਲਈ ਸੰਘਰਸ਼ ਦੇ ਪ੍ਰਸੰਗ ਵਿਚ ਇਕ ਸ਼ੁਭ ਸ਼ਗਨ ਹੈ। o

---

ਚੰਡੀਗੜ੍ਹ ਦੀ ਸਕਤੱਰੀਅਤ ਵਿਚ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਵੱਡੇ ਅਫਸਰਾਂ ਤੋਂ ਲੈ ਕੇ ਥੱਲੇ ਦੇ ਕਰਮਚਾਰੀਆਂ ਨੇ ਦੂਜੇ ਦੂਜੇ ਵਿਆਹ ਕੀਤੇ ਹਨ। ਜ਼ਾਬਤਾ ਕਾਰਵਾਈ ਅਤੇ ਕਾਨੂੰਨ ਦੀ ਜ਼ਦ ਤੋਂ ਬਚਣ ਲਈ ਉਹਨਾਂ ਨੇ ਇਸਲਾਮ ਧਰਮ ਨੂੰ ਅਪਣਾ ਲਿਆ ਹੈ। —ਇਕ ਖ਼ਬਰ

## ਪ੍ਰਦੇਸ਼ ਤੋਂ ਇਕ ਚਿੱਠੀ

ਕੈਲੀਫੋਰਨੀਆਂ
ਜੁਲਾਈ 25, 1985

ਐਡੀਟਰ--ਸਮਤਾ

ਜਿਥੇ ਪੰਜਾਬ ਵਿਚ ਤੇ ਹੋਰਨਾਂ ਥਾਵਾਂ ਤੇ ਇਨਕਲਾਬੀ ਜਮਹੂਰੀ ਹਲਕਿਆਂ ਵਲੋਂ ਸ਼ਹੀਦ ਪ੍ਰਿਥੀਪਾਲ ਰੰਧਾਵਾ ਦਾ ਸ਼ਹੀਦੀ ਦਿਹਾੜਾ ਆਪਣੇ ਆਪਣੇ ਢੰਗ ਮੰਨਾਇਆ ਗਿਆ ਹੋਵੇਗਾ, ਇਸੇ ਤਰ੍ਹਾਂ ਕੈਲੀਫੋਰਨੀਆਂ ਵਿਚ ਜਥੇ ਬੰਦ ਹੋ ਰਹੇ ਇਨਕਲਾਬੀ ਜਮਹੂਰੀ ਕਰਿੰਦਿਆਂ ਤੇ ਸਾਬਕਾ ਪੀ. ਐਸ. ਯੂ. ਕਾਰਕੁੰਨਾਂ ਵਲੋਂ ਵੀ ਵਿਸ਼ੇਸ਼ ਉੱਦਮ ਜਟਾ ਕੇ ਇਸ ਸ਼ਹੀਦੀ ਦਿਹਾੜੇ ਦੀ ਮਨਹੂਸ ਉਦਾਸੀ ਨੂੰ ਰੋਹ ਭਰੇ ਲਲਕਾਰਿਆਂ ਵਿਚ ਬਦਲ ਦਿੱਤਾ ਗਿਆ।

ਸਬੰਧਤ ਕਾਰਕੁੰਨਾਂ ਵਲੋਂ 25-30 ਵੱਡੇ ਪੋਸਟਰਾਂ ਰਾਹੀਂ ਸਬੰਧਤ ਹਾਲ ਸਜਾਇਆ ਗਿਆ। ਸ਼ਹੀਦ ਪ੍ਰਿਥੀਪਾਲ ਰੰਧਾਵਾ, ਸ: ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਦੀ ਤਸਵੀਰਾਂ ਨਾਲ ਸਟੇਜ ਸਜਾਈ ਗਈ। ਪ੍ਰਿਥੀ ਦੇ ਵਾਰਸਾਂ ਦੀ ਜਵਾਲਾ ਤੇ ਦ੍ਰਿੜਤਾ ਨੂੰ ਪ੍ਰਗਟਾਉਂਦੇ ਤੇ ਫਿਰਕਾਪ੍ਰਸਤੀ ਨੂੰ ਲਾਹਨਤ ਪਾਰਹੇ ਪੋਸਟਰਾਂ ਨੇ ਮਹੌਲ ਸੁਰਖ ਸੂਹਾ ਕਰ ਦਿੱਤਾ।

ਪ੍ਰਿਥੀ ਭਰਾਵਾਂ ਅੱਜ ਸੌਹਾਂ ਖਾਂਦੇ ਹਾਂ,
ਧੂੜ ਤੇਰੀ ਚੁੱਕ ਕੇ ਮੱਥੇ ਨੂੰ ਲਾਂਦੇ ਹਾਂ।
ਜਿਨਾਂ ਚਿਰ ਰਹੂਗਾ ਜ਼ੁਲਮ ਲੜਾਂਗੇ,
ਕਾਜ ਜੁ ਅਧੂਰਾ ਤੇਰਾ ਪੂਰਾ ਕਰਾਂਗੇ।
ਮੇਰੀ ਕ੍ਰਿਤ ਨੂੰ ਲੁੱਟਣ ਵਾਲਿਓ......
ਜ਼ਿੰਦਗੀ ਦੇ ਪੰਧ ਤੇ ਕਿੰਨਾ ਕੁ ਚੱਲਣਾ ਪੈਰ ਹੋਰ...
ਡੁੱਬਦਿਆ ਸੂਰਜਾ ਵਸੀਂ ਵੇ,
ਸਾਡੇ ਵਿਚ ਲਾਲੀ ਤੇਰੀ ਮਘਦੀ ਰਹੂ

ਆਦਿ ਗਾਣੇ ਗਾਏ ਗਏ, ਨਵੇਂ ਉੱਭਰ ਰਹੇ (ਇਨਕਲਾਬੀ ਅਮਲ ਵਿਚੋਂ) ਕਲਾਕਾਰ ਬੜੀ ਹੀ ਦੂਰ ਰਸ ਅਹਿਮੀਅਤ ਰਖਦੇ ਹਨ ਤੇ ਹਾਂ ਪੱਖੀ ਆਮ ਬਨਾਉਂਦੇ ਹਨ।

ਕੁਝ ਹੋਰ ਸਾਥੀਆਂ ਵਲੋਂ ਗਰੁੱਪ ਸੌਂਗ ਗਾਏ ਗਏ, 'ਸੌਂਹ ਥੋੜੇ ਖੂਨ ਦੀ ਯਾਰੋ, ਰਾਹ ਥੋੜੇ ਤੇ ਆਵਾਂਗੇ— ਗਾਣਿਆ ਦੇ ਇਕ ਇਕ ਲਫ਼ਜ਼ ਨਾਲ ਕਾਰਕੁੰਨਾਂ ਦੇ ਲੂੰ-ਕੰਡੇ ਖੜੇ ਹੋ ਰਹੇ ਸਨ।

ਇਸ ਤੋਂ ਬਾਅਦ ਪੀ. ਐਸ. ਯੂ. ਦੇ ਇਕ ਸਾਬਕਾ ਕਾਰਕੁੰਨ ਵਲੋਂ ਸਥਾਨਕ ਰਿਜਨ ਕਮੇਟੀ ਵੇਲੋਂ ਮਨਜ਼ੂਰ ਸ਼ੁਦਾ 25 ਮਿੰਟ ਦਾ ਇਕ ਡਾਕੂਮੈਂਟ ਪੜ੍ਹਿਆ ਗਿਆ। ਜਿਸ ਵਿਚ ਪਿਰਥੀ ਵੇਲੇ ਪੀ. ਐਸ. ਯੂ. ਦਾ ਪਿਛੋਕੜ, ਜਮਹੂਰੀ ਲਹਿਰ ਦੀ ਅਹਿਮੀਅਤ ਤੇ ਫਿਰਕਾਪ੍ਰਸਤੀ ਦਾ ਜ਼ਿਕਰ ਹੋਇਆ।

ਇਸ ਵਿਚ ਮਹੱਤਵ ਪੂਰਨ ਨੋਟ ਇਹ ਸਨ ਕਿ 1970-1980 ਦੇ ਅਰਸੇ ਦੌਰਾਨ ਜਮਹੂਰੀ ਲਹਿਰ ਵਿਦਿ-ਆਰਥੀ ਨੌਜਵਾਨ ਲਹਿਰ ਤੇ ਹੋਰ ਇਨਕਲਾਬੀ ਜਮਹੂਰੀ ਜਨਤਕ ਜਥੇਬੰਦੀਆਂ ਦੀ ਜਾਨਦਾਰ ਸਰਗਰਮੀ ਤੇ ਚੜ੍ਹਤ ਦਾ ਪੰਜਾਬ ਦੀ ਸਿਆਸਤ ਤੇ ਉਭਰਵਾਂ ਪ੍ਰਭਾਵ ਸੀ—ਇਸ ਜਮਹੂਰੀ ਲਹਿਰ ਨੇ ਬਹੁਤ ਹੀ ਲੋਕ-ਪੱਖੀ ਅਗਾਂਹ-ਵਧੂ ਰੋਲ ਨਿਭਾਇਆ। ਅਗਰ 1970-1980 ਦੇ ਅਰਸੇ ਦਾ 1980-1985 ਦੇ ਅਰਸੇ ਨਾਲ ਮੁਕਾਬਲਾ ਕਰੀਏ ਤਾਂ ਇਹ ਬਿਲਕੁਲ ਸਾਫ਼ ਹੋ ਜਾਂਦਾ ਹੈ ਕਿ ਅੱਜ ਪੰਜਾਬ ਕਿਸੇ ਓਪਰੀ ਗ਼ੈਬੀ ਸ਼ਕਤੀ ਦੇ ਕ੍ਰੋਧ ਸਦਕਾ ਨਹੀਂ ਸੜ ਰਿਹਾ— ਅਚਾਨਕ ਹੀ ਫਿਰਕਾ-ਪ੍ਰਸਤੀ ਦਾ ਨਾਗ ਲੋਕਾਂ ਨੂੰ ਦਿਨ ਡੰਗਣ ਲੱਗਾ ਹੈ ਇਹ ਕਿਸੇ ਸਾਮਰਾਜ ਦੀ ਸਾਜਸ਼ ਹੀ ਨਹੀਂ ? ਪੰਜਾਬ ਦੇ ਸੰਤਾਪ ਤੇ ਇਸ ਬਦੀ ਦੇ ਉਭਾਰ ਦਾ ਕਾਰਨ ਤੇ ਬਹੁਤ ਹੀ ਮਹੱਤਵਪੂਰਨ ਕਾਰਨ ਇਹ ਵੀ ਹੈ ਕਿ 1980 ਤੋਂ ਬਾਅਦ ਇਨਕਲਾਬੀ ਸਿਆਸੀ ਧਿਰਾਂ ਦੀ ਆਪਸੀ ਪਾਟੋਧਾੜ ਨੇ ਜਮਹੂਰੀ ਲਹਿਰ ਨੂੰ ਬਹੁਤ ਹੀ ਕਮਜ਼ੋਰ ਕਰਕੇ ਰੱਖ ਦਿੱਤਾ। ਤੇ ਇਸ ਕਲੇਸ਼ ਪਾਟੋਧਾੜ ਲਈ ਜ਼ੁਮੇਵਾਰ ਰੁਝਾਣ ਨੇ ਜਨਤਕ ਜਥੇਬੰਦੀਆਂ, ਵਿਦਿ-ਆਰਥੀ ਲਹਿਰ, ਨੌਜਵਾਨ ਲਹਿਰ ਦੇ ਸੰਕਲਪ ਦੀ ਹੀ ਫੱਟੀ ਪੋਚ ਦਿੱਤੀ ਤੇ ਬਹੁਤ ਹੀ ਬੇਰਹਿਮੀ ਨਾਲ ਜਨਤਕ ਲਹਿਰ ਨੂੰ ਖਿੰਡਾ ਦਿੱਤਾ।

ਪੰਜਾਬ ਮਸਲੇ ਨੂੰ ਸਮਝਣ ਲਈ ਬੜੇ ਸੈਮੀਨਾਰ ਕੀਤੇ ਗਏ ਹਨ। ਬਹਿਸ ਭੇੜ ਚਲਾਏ ਗਏ ਹਨ ਤੇ ਬੜੀਆਂ ਅਜੀਬੋਗਰੀਬ ਸਿਧਾਂਤਕ ਸਾਫ਼ ਗੋਈਆਂ ਕੀਤੀਆਂ ਗਈਆਂ ਪਰ ਸਬੰਧਤ ਡਾਕੂਮੈਂਟ 'ਚ ਸਾਫ਼ ਕੀਤਾ ਗਿਆ ਕਿ 1970-1980 'ਚ ਪੇਸ਼ ਕੀਤੇ ਗਏ ਲੱਛਣ ਨੇ ਕਿਵੇਂ ਵੀ ਅਸਰਵਾਂਰ ਸਿਫ਼ਤੀ ਤਬਦੀਲੀ ਨਹੀਂ ਕੀਤੀ। ਜੇ ਪੰਜਾਬ 1970-1980 ਦੇ ਅਰਸੇ 'ਚ ਇਹੋ ਜਿਹੇ ਸੰਤਾਪ ਤੋਂ ਬਚਿਆ ਰਿਹਾ ਹੈ ਇਸ ਦਾ ਇਕ ਅਹਿਮ ਕਾਰਨ ਜਮਹੂਰੀ ਇਨਕਲਾਬੀ ਲਹਿਰ ਦੀ ਚੜ੍ਹਤ ਸੀ ਜਿਸ ਵਿਚ ਪੀ. ਐਸ. ਯੂ. ਦਾ ਵਿਸ਼ੇਸ਼ ਰੋਲ ਸੀ। ਪਰ ਜ਼ੁਮੇਵਾਰ ਰੁਝਾਣ ਨੇ ਇਸ ਜਮਹੂਰੀ ਸ਼ਾਨਦਾਰ ਅਰਸੇ ਦੀ ਅਹਿਮੀ-ਅਤ ਤੇ ਲੋੜ ਨੂੰ ਅੰਤਰਮੁਖੀ ਸਿਆਸੀ ਹਵਸ ਅਧੀਨ ਇਸ ਦੀ ਫੱਟੀ ਪੋਚੀ ਹੈ ਤੇ ਇਸ ਨੂੰ ਕਦੇ ਆਰਥਕਵਾਦਾ, ਕਦੇ ਵਾਧੂ ਦੀ ਸਹੇੜੀ ਕਬੀਲਦਾਰੀ (ਜਨਤਕ ਜਨਤਕ ਜੱਥੇ ਬੰਦੀਆਂ ਦੀ) ਜਾਂ ਚੁੱਕੀ ਪੰਜੀ ਦੀ ਲੜਾਈ ਕਹਿਕੇ ਭੰਡਿਆ ਹੈ। ਤੇ ਇਸ ਅਰਸੇ ਨੂੰ 12 ਸਾਲ ਝੱਠ ਝੋਕਣ ਦਾ ਨਾਂਅ ਦਿੱਤਾ ਹੈ।

ਡਾਕੂਮਿੰਟ ਦੇ ਅਖੀਰ 'ਚ 1970-1980 ਦੇ ਅਰਸੇ ਦੌਰਾਨ ਇਨਕਲਾਬੀ ਜਮਹੂਰੀ ਜਨਤਕ ਲਹਿਰ ਦੇ ਕੰਮ ਤਰਜ਼ ਤੇ ਢੰਗ ਨੂੰ ਮੋਟੇ ਤੌਰ ਤੇ ਦਰੁਸਤ ਦਿੱਤਾ ਗਿਆ। ਸ਼ਾਮਲ ਕੁੱਲ ਕਰਿੰਦਿਆਂ ਨੂੰ ਪੰਜਾਬ ਤੇ ਬਾਹਰ ਉਸੇ ਤਰਜ਼ ਤੇ ਫ਼ਿਰ ਜਮਹੂਰੀ ਲਹਿਰ ਨੂੰ ਸ਼ਾਨਦਾਰ ਉਗਾਸਾ ਦੇਣ ਲਈ ਧੜੱਲੇ ਨਾਲ ਅੱਗੇ ਆਉਣ ਲਈ ਅਪੀਲ ਕੀਤੀ। ਸਾਬਕਾ ਪੀ.ਐਸ.ਯੂ. ਕਾਰਕੁੰਨਾਂ ਨੂੰ ਵਿਸ਼ੇਸ਼ ਕਰਕੇ ਪੀ.ਐਸ. ਯੂ. ਦੀ ਮੁੜ ਉਸਾਰੀ ਲਈ ਅੱਗੇ ਆਉਣ ਲਈ ਕਿਹਾ।

ਅਖੀਰ ਪ੍ਰਿਥੀਪਾਲ ਦੇ ਕਤਲ ਦੇ ਸਰ-ਪ੍ਰਸਤਾਂ ਤੇ ਦਿੱਲੀ ਵਿਚ ਸਿੱਖ ਮਜ਼ਲੂਮਾਂ ਉਪਰ ਹੋਏ ਜ਼ੁਲਮ ਤਸ਼ੱਦਦ ਲਈ ਜ਼ੁਮੇਵਾਰ ਚਿੱਟੀਆਂ ਨੀਲੀਆਂ ਕਲਮੂਹੀਆਂ ਤਾਕਤਾਂ ਨੂੰ ਸੰਬੋਧਤ ਗਰੁੱਪ ਸੌਂਗ ਗਾਇਆ ਗਿਆ--ਅੱਖਾਂ ਦੇ ਵਿਚ ਰੜਕਦਿਓ ਤਰਸਾ ਤਰਸਾ ਕੇ ਮਾਰਾਂਗੇ...। ○

## ਇਕ ਚਿੱਠੀ

ਮੁਕਤਸਰ
ਮਿਤੀ 30-7-1985.

ਸਤਿਕਾਰ ਯੋਗ ਸੰਪਾਦਕ ਜੀ, (ਸ੍ਰ: ਗੁਰਸ਼ਰਨ ਸਿੰਘ ਜੀ)
ਸਤਿ ਸ੍ਰੀ ਅਕਾਲ ।

ਬੇਨਤੀ ਹੈ ਕਿ ਮੈਂ ਉਸ ਨੌਜਵਾਨ ਦਾ ਭਰਾ ਹਾਂ ਜਿਸਦੀ ਹਿਰਦੇਵੇਦਕ ਕਹਾਣੀ "ਸੁਖਦਰਸ਼ਨ ਸਿੰਘ ਦੀ ਜੋ ਸਰਬਜੀਤ ਸਿੰਘ ਬਣਾ ਕੇ ਮੁਕਾਇਆ ਗਿਆ" ਦੇ ਸਿਰਲੇਖ ਹੇਠ ਆਪਦੇ ਮਾਸਿਕ ਪੱਤਰ-"ਸਮਤਾ" ਮਹੀਨਾ ਨਵੰਬਰ 1984 ਅੰਕ 54 ਦੇ ਪੰਨਾ 4-5 'ਤੇ ਪ੍ਰਕਾਸ਼ਤ ਕੀਤੀ ਹੈ । ਆਪ ਵਲੋਂ ਛਾਪੀ ਇਹ ਕਹਾਣੀ ਇਕ ਪਿਤਾ ਦੀ ਜ਼ੁਬਾਨੀ ਨਹੀਂ ਸਗੋਂ ਇਕ ਦੁਖੀ ਭਰਾ (ਮੇਰੇ) ਜ਼ੁਬਾਨੀ ਸੀ । ਇਹ ਇਕ ਕੌੜੀ ਸਚਾਈ ਹੈ, ਜਿਸ ਦਾ ਦੁਖ ਹਾਲਾ ਵੀ ਸਾਡੇ ਪਰਿਵਾਰ ਦੇ ਮਨਾਂ ਤੇ ਇਕ ਅਭੁਲ ਛਾਪ ਬਣ ਗਈ ਹੈ । ਇਸ ਸਬੰਧ 'ਚ ਹੁਣ ਤੀਕ ਜੋ ਪ੍ਰਾਪਤੀ ਹੋਈ ਹੈ, ਉਸ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੈ । ਅਗਲੇ ਅੰਕ ਵਿਚ ਛਾਪਣ ਦੀ ਕ੍ਰਿਪਾ ਕਰਨੀ :—

1. ਇਸ ਕਹਾਣੀ ਦੇ ਛਪਣ ਤੋਂ ਕੁਝ ਸਮੇਂ ਬਾਦ ਸਾਡੇ ਦੁਖੀ ਭਰਾਵਾਂ ਦੀ ਅਤੇ ਮੌਕੇ ਦੇ ਹਾਲਾਤਾਂ ਦੀ ਜਾਣਕਾਰੀ ਲੈਣ ਲਈ ਮੇਰੇ ਘਰ ਜ਼ਿਲ੍ਹਾ ਜਮਹੂਰੀਅਤ ਅਧਿਕਾਰ ਸਭਾ ਦੇ ਕੁਝ ਪ੍ਰਤੀਨਿਧ ਆਏ, ਉਹਨਾਂ ਸੁਖਦਰਸ਼ਨ ਸਿੰਘ ਜੋ ਪੁਲਿਸ ਕਹਾਣੀ ਅਨੁਸਾਰ ਸਰਬਜੀਤ ਅਤੇ ਇਕ ਖਤਰਨਾਕ ਦਹਿਸ਼ਤ ਪਸੰਦ ਦਸਿਆ ਗਿਆ ਸੀ, ਸਬੰਧੀ ਪੁਛਗਿੱਛ ਕੀਤੀ, ਇਹ ਵੀ ਭਰੋਸਾ ਦਿਤਾ ਕਿ ਅਸੀਂ ਕਤਲ ਸਬੰਧੀ ਅਗਲੀ ਜਣਾਕਾਰੀ ਮੌਕੇ ਤੇ ਜਾ ਕੇ ਪ੍ਰਾਪਤ ਕਰਾਂਗੇ ਅਤੇ ਲੋਕਾਂ ਦੀ ਜਾਣਕਾਰੀ ਲਈ ਸਹੀ ਤਸਵੀਰ ਪੇਸ਼ ਕਰਾਂਗੇ । ਪਰ ਅਜੇ ਤੀਕ ਇਸ ਸਬੰਧ ਵਿਚ ਕੋਈ ਰਿਪੋਰਟ ਸਾਹਮਣੇ ਨਹੀਂ ਹੈ ।

2. ਮਿਤੀ 20-12-84 ਨੂੰ ਸੰਤ ਲਾਲ ਜੀ ਐਸ. ਪੀ. ਅਪਰੇਸ਼ਨ ਫਿਰੋਜ਼ਪੁਰ ਨੇ ਇਸ ਦੀ ਮੁਢਲੀ ਮਹਿਕਮਾਨਾ ਪੜਤਾਲ ਕੀਤੀ । ਇਸ ਵਿਚ ਉਹਨਾਂ ਨੇ ਸਰਕਾਰੀ ਪੱਖ ਅਤੇ ਸਾਨੂੰ ਆਪਣਾ ਪੱਖ ਦੱਸਣ ਦਾ ਪੂਰਾ ਸਮਾਂ ਦਿਤਾ ਅਤੇ ਅੰਤਮ ਫ਼ੈਸਲਾ ਦੇਣ ਲਈ 25-12-1984 ਨੂੰ ਸ੍ਰੀ ਪੂਰਨ ਚੰਦ ਜੀ ਡੋਗਰਾ ਡੀ. ਆਈ. ਜੀ. ਫਿਰੋਜ਼ਪੁਰ ਦੇ ਦਫ਼ਤਰ ਵਿਖੇ ਆਪਣੀ ਰਿਪੋਰਟ ਦੇ ਆਏ । ਇਹ ਰਿਪੋਰਟ ਸ਼ਾਇਦ ਜ਼ਿਲਾ ਅਧਿਕਾਰੀਆਂ ਨੂੰ ਰਾਸ ਨਾ ਆਈ । ਉਹਨਾਂ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਸੰਤ ਲਾਲ ਜੀ ਨੂੰ ਹੀ ਉਸ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਹੀ ਵਾਪਿਸ ਭੇਜ ਦਿਤਾ ।

3. ਮਿਤੀ 7-1-85 ਨੂੰ ਸ੍ਰੀ ਹਰਸ਼ਾ ਸਿੰਘ ਢਿਲੋਂ ਡੀ. ਐਸ. ਪੀ./ਸੀ. ਆਈ. ਡੀ/ਸਪੈਸ਼ਲ ਚੰਡੀਗੜ੍ਹ ਤੋਂ ਫਿਰੋਜ਼ਪੁਰ ਆਏ ਅਤੇ ਆਪਣੀ ਪੜਤਾਲ ਵਿਚ ਸ਼ਾਮਲ ਕੀਤਾ । ਇਹਨਾਂ ਨੂੰ ਅਸੀਂ ਨਿਮਰਤਾ ਸਾਹਿਤ ਬੇਨਤੀ ਕੀਤੀ ਕਿ ਇਸ ਕੇਸ ਦੀ ਪੜਤਾਲ ਉਹ ਮੌਕੇ ਤੇ ਜਾ ਕੇ ਕਰਨ ਤਾਂ ਜੋ ਸਚਾਈ ਦਾ ਨਿਬਟਾਰਾ ਹੋ ਸਕੇ । ਪਰ ਜਾਪਦਾ ਹੈ ਕਿ ਇਹਨਾਂ ਜ਼ਿਲਾ ਅਧਿਕਾਰੀਆਂ ਦੀ ਸਲਾਹ ਨਾਲ ਉਹਨਾਂ ਦਾ ਪੱਖ ਪੂਰਦੀ ਰਿਪੋਰਟ ਸਰਕਾਰ ਨੂੰ ਦਿਤੀ ਜਿਸ ਦਾ ਹਾਲਾਂ ਤੀਕ ਕੋਈ ਸਿੱਟਾ ਨਹੀਂ ਨਿਕਲਿਆ ਹੈ ।

4. ਮਿਤੀ 15-1-1985 ਨੂੰ ਉਪ ਮੰਡਲ ਅਫ਼ਸਰ (ਸ) ਸ੍ਰੀ ਕੁਲਬੀਰ ਸਿੰਘ ਜੀ ਫਿਰੋਜ਼ਪੁਰ ਵਲੋਂ ਇਕ ਸੰਮਨ ਮੇਰੇ ਛੋਟੇ ਭਾਈ ਨੇ ਤਮੀਲ ਕੀਤੇ ਜਿਸ ਅਨੁਸਾਰ ਸਾਨੂੰ ਦਸਿਆ ਗਿਆ ਸੰਮਨ ਤਾਮੀਲ ਹੋਣ ਤੋਂ ਇਕ ਹਫਤੇ ਦੇ ਅੰਦਰ ਤੁਸੀਂ ਉਹਨਾਂ ਦੀ ਅਦਾਲਤ ਵਿਚ ਪੇਸ਼ ਹੋ ਕੇ ਸੁਖਦਰਸ਼ਨ ਸਿੰਘ, ਉਰਫ ਪਪੂ ਦੇ ਕਤਲ ਸਬੰਧੀ ਕੋਈ ਬਿਆਨ ਦੇਣਾ ਚਾਹੋ ਤਾਂ ਪੇਸ਼ ਹੋ ਕੇ ਦੇ ਸਕਦੇ ਹੋ । ਇਸ ਅਨੁਸਾਰ ਮੈਂ ਆਪਣੇ ਛੋਟੇ ਭਰਾ ਨਾਲ ਮਿਤੀ 20-1-1985 ਨੂੰ ਪੇਸ਼ ਹੋਇਆ ਤਾਂ ਪਤਾ ਲਗਾ ਕਿ ਜਾਂਚ ਅਫ਼ਸਰ ਸ੍ਰੀ ਕੁਲਬੀਰ ਸਿੰਘ ਜੀ ਨੇ ਇਸ ਕੇਸ ਦਾ ਫੈਸਲਾ ਮਿਤੀ 16-1-85 ਨੂੰ ਹੀ ਕਰ ਦਿਤਾ ਹੈ । ਇਸ ਸਬੰਧ ਵਿਚ ਮੈਂ ਉਪ ਮੰਡਲ ਅਫ਼ਸਰ (ਸਿਵਲ) ਦੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਸਾਡੇ ਬਿਆਨ ਰੀਕਾਰਡ ਕੀਤੇ ਜਾਣ, ਪਰ ਉਹ ਇਹ ਕਹਿ ਕੇ ਟਾਲ ਗਏ ਕਿ ਹਵਾਲੇ ਵਾਲੇ ਸੰਮਨ ਜੋ ਆਪ ਨੂੰ ਸੂਚਨਾ ਲਈ ਭੇਜੇ ਗਏ ਸਨ ਇਸ ਦੇ ਜਾਰੀ ਹੋਣ ਦੀ ਤਾਰੀਖ਼ ਤੋਂ ਇਕ ਹਫਤੇ ਦੇ ਅੰਦਰ ਅੰਦਰ ਤੁਸਾਂ ਪੇਸ਼ ਹੋਣਾ ਸੀ । ਇਹ ਸੁਣਕੇ ਬੜੀ ਹੈਰਾਨੀ ਹੋਈ ਕਿ ਹਵਾਲੇ ਵਾਲੇ ਸੰਮਨਾਂ ਦੇ ਜਾਰੀ ਹੋਣ ਦੀ ਤਾਰੀਖ਼ ਤਾਂ ਦਸੰਬਰ 84 ਦੀ ਸੀ ਜਿਹੜੇ ਸਾਨੂੰ ਲਗਪਗ ਦੋ ਸਪਤਾਹ ਲੇਟ ਤਾਮੀਲ ਹੋਏ, ਨੂੰ ਬਿਨਾਂ ਉਡੀਕੇ ਹੀ ਜਾਂਚ ਅਫ਼ਸਰ ਨੇ ਸਾਨੂੰ ਜਿਥੇ ਆਪਣਾ ਪੱਖ ਪੇਸ਼ ਕਰਨ ਤੋਂ ਨਜ਼ਰਅੰਦਾਜ਼ ਕੀਤਾ ਹੈ, ਉਥੇ ਜ਼ਿਲ੍ਹਾ ਅਧਿਕਾਰੀਆਂ ਦੀ ਮਨਮਰਜ਼ੀ ਨਾਲ ਰਿਪੋਰਟ ਲਿਖੀ ਜਾਪਦੀ ਹੈ ।

ਅਸੀਂ ਪੰਜਾਬ ਸਰਕਾਰ ਪਾਸੋਂ ਇਹ ਮੰਗ ਕਰਦੇ ਹਾਂ ਕਿ ਇਸ ਕਹਾਣੀ ਵਿਚ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਭਰੋਸੇਯੋਗ ਕਾਰਵਾਈ ਕਰਦਿਆਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਇਨਸਾਫ਼ ਦਿਤਾ ਜਾਵੇ ।

ਜਗਜੀਤ ਸਿੰਘ 30-7-85
ਸਪੁੱਤਰ ਸਵਰਗੀ ਸ: ਸੁੰਦਰ ਸਿੰਘ ਕੋਨੰਗੋ
ਮੁਹੱਲਾ ਦਸ਼ਮੇਸ਼ ਨਗਰ
ਗਲੀ ਨੰਬਰ 4 ਮਕਾਨ ਨੰਬਰ 7907
ਮੁਕਤਸਰ ਜ਼ਿਲ੍ਹਾ ਫਰੀਦਕੋਟ

ਕਹਾਣੀ

# ਅੱਗ ਦਾ ਦਰਿਆ

**ਜਸਬੀਰ ਮੰਡ**

ਕਈ ਦਿਨਾਂ ਤੋਂ ਜੱਸਾ ਦੇਖਦਾ ਆ ਰਿਹਾ ਸੀ ਕਿ ਬਾਪੂ ਜੀ ਦਾ ਝੱਗਾ ਮੋਢੇ ਕੋਲੋਂ ਪਾਟਦਾ ਹੀ ਜਾ ਰਿਹਾ ਹੈ, ਰਬੜ ਦੀ ਜੁੱਤੀ ਦਾ ਇਕ ਹੀ ਪੈਰ ਰਹਿ ਗਿਆ ਹੈ...। ਜਦੋਂ ਕੋਈ ਉਸਨੂੰ ਪੁੱਛਦਾ, "ਬਖਸੀਸ਼ ਸਿਆਂ, ਕੀ ਗੱਲ ਵਸਦੇ ਰਸਦੇ ਔਹ ਕੀ ?' ਤਾਂ ਉਹ ਬੜੇ ਬਦਲਵੇਂ ਰੌਂ ਵਿਚ ਆ ਕੇ ਜਵਾਬ ਦਿੰਦਾ, 'ਯਾਰ ਚਰਮਸ ਜਿਹਾ ਹੋ ਗਿਆ...ਤਾਂ ਕਰਕੇ...।' ਉਹ ਝੂਠ ਬੋਲ ਤਾਂ ਦੇਂਦਾ, ਪਰ ਉਸਦੇ ਸਰੀਰ ਨੂੰ ਜਿਵੇਂ ਅੱਗ ਲੱਗ ਜਾਂਦੀ। ਫਿਰ ਉਹ ਆਪਣਾ ਗੁੱਸਾ ਘਰ ਆ ਕੇ ਤਾਰਦਾ...ਤੇ ਕਿੰਨੀ ਕਿੰਨੀ ਦੇਰ ਆਪਣੇ ਇਹ ਪੁਰਾਣੇ ਲਫ਼ਜ਼ ਦੁਹਰਾਈ ਜਾਂਦਾ, "ਭਲੀ ਚੰਗੀ ਰੋਟੀ ਖਾਂਦਾ ਤਾਂ...ਤੁਸੀਂ ਤਾਂ ਮੈਨੂੰ ਪੱਟ ਕੇ ਬਿਠਾਲ ਤਾ.. ਇਹ ਵੀਹ ਮਣ ਲੋਹਾ ਮੇਰੇ ਗਲ ਪਾ ਤਾ ਉਏ ਰੱਬਾ...।'

ਇਹ ਅੱਜ ਪਹਿਲੀ ਵਾਰੀ ਹੀ ਨਹੀਂ ਸੀ, ਸਗੋਂ ਕਈ ਮਹੀਨਿਆਂ ਤੋਂ ਚਲਦਾ ਆ ਰਿਹਾ ਸੀ ! ਸਾਂਝ ਜਿਸ ਘਰ ਦਾ ਪ੍ਰਤੀਕ ਹੁੰਦਾ ਸੀ, ਜਿਵੇਂ ਅਸ਼ਾਂਤ ,ਬਣਕੇ ਰਹਿ ਗਿਆ...। ਗਲੀ ਵਿਚੋਂ ਲੰਘਦੇ ਲੋਕ ਵੀ ਇਹਨਾਂ ਦੀਆਂ ਗੱਲਾਂ ਸੁਣਕੇ ਹੈਰਾਨ ਪਰੇਸ਼ਾਨ ਰਹਿ ਜਾਂਦੇ...ਕਿ ਇਹੋ ਜਿਹੇ ਸ਼ਰੀਫ਼ ਖ਼ਾਨਦਾਨ ਨੂੰ ਕੀ ਹੋ ਗਿਆ ? ਜਿਉਂ ਜਿਉਂ ਟਰੈਕਟਰ ਦੀ ਕਿਸ਼ਤ ਨੇੜੇ ਆਉਂਦੀ ਜਾਂਦੀ, ਇਹ ਘਰ ਯੁੱਧ ਦਾ ਮੈਦਾਨ ਹੀ ਬਣਦਾ ਜਾਂਦਾ। ਕੱਲ ਜਦੋਂ ਸ਼ਹਿਰ ਗਏ ਬਖਸੀਸ਼ ਸਿੰਘ ਨੂੰ ਐਲ ਬੀ ਓ ਨੇ ਤਾੜਨਾ ਕੀਤੀ ਉਦੋਂ ਤੋਂ ਉਹ ਹੋਰ ਵੀ ਪ੍ਰੇਸ਼ਾਨ ਹੋ ਗਿਆ ਹੈ...। ਛੋਟੀ ਛੋਟੀ ਗੱਲ ਪਿੱਛੇ ਨਾ ਚਾਹੁੰਦੇ ਹੋਏ ਵੀ ਉਸ ਨੂੰ ਗੁੱਸਾ ਆਈ ਜਾਂਦਾ ..ਕਈ ਵਾਰ ਤਾਂ ਉਸਨੂੰ ਪਤਾ ਵੀ ਹੁੰਦਾ ਕਿ ਮੈਂ ਗਲਤੀ ਤੇ ਹਾਂ, ਪਰ ਪਤਾ ਨਹੀਂ, ਕਿਉਂ ਉਸਨੂੰ ਗੁੱਸਾ ਅੱਗ ਵਾਂਗੂੰ ਝੁਲਸ ਕੇ ਰੱਖ ਦਿੰਦਾ। ਉਧਰ ਉਹ ਆਪਣੇ ਛੋਟੇ ਮੁੰਡੇ ਜੱਸੇ ਤੋਂ ਵੱਖ ਪ੍ਰੇਸ਼ਾਨ ਹੈ, ਜਿਸਨੂੰ ਹਾਲੇ ਤੱਕ ਨੌਕਰੀ ਨਹੀ ਮਿਲੀ। ਕੁਝ ਮਹੀਨੇ ਤਾਂ ਜੱਜਾ ਵੀ ਕੁਝ ਨਹੀਂ ਬੋਲਿਆ। ਹੁਣ ਜਿਵੇਂ ਉਹ ਵੀ ਤੰਗ ਆ ਗਿਆ ਇਸ ਖੇਤੀ ਕਬਾੜ ਤੋਂ...। ਛੋਟੀ ਛੋਟੀ ਗੱਲ ਤੋਂ ਦੋਵੇਂ ਜਣੇ ਏਦਾਂ ਝਗੜਣ ਲੱਗ ਪੈਂਦੇ ਨੇ, ਜਿਵੇਂ ਜਾਨੀ ਦੁਸ਼ਮਣ ਹੋਣ...। ਕਈ ਵਾਰੀ ਤਾਂ ਦੋਨਾਂ ਨੂੰ ਇਹ ਪੱਕਾ ਯਕੀਨ ਵੀ ਹੁੰਦਾ ਕਿ ਅਸੀਂ ਦੋਵੇਂ ਗ਼ਲਤ ਹਾਂ...। ਪਰ ਇਕ ਅਜੀਬ ਕਿਸਮ ਦੀ ਜਲਣ...ਉਹਨਾਂ ਨੂੰ ਭਿੜਾਉਂਦੀ ਰਹਿੰਦੀ, ਜਦੋਂ ਤੱਕ ਉਨ੍ਹਾਂ ਦੇ ਮਨਾਂ ਦੀ ਭੜਾਸ ਨਾ ਨਿਕਲਦੀ। ਜੱਸੇ ਦੀ ਬੀਬੀ, ਜੋ ਪਤਲੀ ਦੁਬਲੀ ਕੰਮ ਨੂੰ ਬੇਹੱਦ ਤੇਜ਼...ਅੰਤਾਂ ਦੀ ਸ਼ਰੀਫ਼ ਤੀਵੀਂ ਹੈ। ਉਹ ਤਾਂ ਵਿਚਾਰੀ ਇਸੇ ਫ਼ਿਕਰ ਵਿਚ ਰਿੱਝੀ ਜਾਂਦੀ ਹੈ ਕਿ ਦੋਨੋਂ ਕੋਈ ਗੱਲ ਨਾ ਵਧਾ ਲੈਣ...। ਫ਼ਿਕਰਾਂ ਦੀ ਪੰਡ ਚੁੱਕੀ ਉਹ ਕਦੇ ਕੰਮ ਤੋਂ ਪਿੱਛੇ ਨਾ ਹੱਟਦੀ...। ਜਦੋਂ ਤੋਂ ਜੱਸਾ ਕਾਲਜ ਤੋਂ ਹਟਿਆ, ਉਸ ਨੂੰ ਸੁੱਖ ਤਾਂ ਕੀ ਸਗੋਂ ਹੋਰ ਕੰਮ ਕਰਨਾ ਪੈ ਰਿਹਾ ਹੈ। ਭਾਵੇਂ ਜੱਸਾ ਉਸਨੂੰ ਅੰਤਾਂ ਦਾ ਪਿਆਰ ਕਰਦਾ ਹੈ, ਪਰ ਫਿਰ ਵੀ ਸਭ ਤੋਂ ਮੂਹਰੇ ਹੋ ਕੇ ਕੰਮ ਕਰਦੀ ਹੈ ਕਿ ਬੱਸ ਕਲੇਸ਼ ਨਾ ਹੋਵੇ । ਫਿਰ ਵੀ ਖੇਤਾਂ ਵਿਚ ਕਿਸੇ ਨਾ ਕਿਸੇ ਜਗ੍ਹਾ ਤੇ ਦੋਨਾਂ ਦੀ ਆਪਸ ਵਿਚ ਬਹਿਸ ਹੋ ਹੀ ਜਾਂਦੀ...ਪਰ ਸਮਝ ਕਿਸੇ ਨੂੰ ਕੁਝ ਨਹੀਂ ਸੀ ਆ ਰਿਹਾ ਕਿ ਆਖ਼ਰ ਇਸ ਵੱਸਦੇ ਰੱਸਦੇ ਘਰ ਵਿਚ ਇਹ ਚਿੰਗਾਰੀ ਜਿਹੀ ਕੀ ਵੜ ਗਈ ਹੈ। ਕਈ ਵਾਰੀ ਜੱਸੇ ਦੀ ਬੀਬੀ ਦੁਖੀ ਹੋ ਕੇ ਕਹਿੰਦੀ ਹੁੰਦੀ ਹੈ, 'ਬੱਸ ਜਦੋਂ ਤੋਂ ਔਹ ਟਰੈਕਟਰ ਆਇਆ, ਇਹਨੇ ਮੇਰੀ ਜਾਨ ਸੁਕਾ ਤੀ...।' ਵੱਡਾ ਮੁੰਡਾ ਭਾਵੇਂ ਅੰਤਾਂ ਦਾ ਸ਼ਰੀਫ਼ ਹੈ, ਪਰ ਫਿਰ ਵੀ ਕਦੇ ਕਦੇ ਉਹ ਵੀ ਗੁੱਸੇ ਵਿਚ ਆ ਕੇ ਕਾਫ਼ੀ ਕੁਝ ਬੋਲ ਜਾਂਦਾ। ਜੇ ਨੌਕਰੀ ਮਿਲੀ ਤਾਂ ਵਿਚ-ਕਾਰਲੇ ਨੂੰ...ਤਿੰਨਾਂ ਵਿਚੋਂ...।

## 2

ਗਰਮੀ ਨਾਲ ਭਿੱਜਿਆ ਜੱਸਾ ਹਾੜ੍ਹ ਦੀ ਕੜਕਦੀ ਦੁਪਹਿਰ ਵਿਚ ਮੱਕੀ ਵਿਚੋਂ ਕੱਖਾਂ ਦੀ ਭਰ੍ਹੀ ਲਈ ਆ ਰਿਹਾ ਹੈ। ਪਿਆਸ ਨਾਲ ਉਸਦਾ ਸਾਹ ਸੁੱਕਦਾ ਜਾ ਰਿਹਾ ਹੈ। ਪਸੀਨੇ ਨਾਲ ਭਿੱਜੇ ਮੱਥੇ ਤੇ ਜਦੋਂ ਕੱਖਾਂ ਦੇ ਡੱਕੇ ਵੱਜਦੇ ਨੇ...ਤਾਂ ਉਸਨੂੰ ਹੋਰ ਵੀ ਕਾਣਤ ਆ ਰਹੀ ਹੈ। ਟੈਰੀਕਾਟ ਦਾ ਕਮੀਜ਼ ਜੋ ਉਹ ਕਾਲਜ ਨੂੰ ਬੜੇ ਚਾਅ ਨਾਲ ਪਾ ਕੇ ਜਾਂਦਾ ਹੁੰਦਾ ਸੀ ਹੁਣ ਪਿੱਛੋਂ ਪਾਟ ਗਿਆ ਹੈ। ਵਾੜੇ ਵਿਚ ਵੜਦੇ ਸਾਰ ਹੀ ਉਹਨੂੰ ਬਾਪੂ ਜੀ ਦੀਆਂ ਉੱਚੀ ਉੱਚੀ ਅਵਾਜ਼ਾਂ ਸੁਣਦੀਆਂ ਹਨ.. ।

ਉਹ...ਮਰ ਜੈਂ...ਚੋਣਾ...ਐ ਕਨੱਸਲ...ਦੇ...ਦੇ—ਦੇਖ...ਕਿੱਧਰ ਨੂੰ ਚੱਕਿਆ ਬੁਥਾੜਾ...ਉਹ ਤੈਨੂੰ ਕਸਾਈ ਲੈ ਜੇ...ਉਹ ਮਰ ਜੇਂ.. ਹਾਲੀ ਤੱਕ ਤੈਨੂੰ ਆਪਣੇ ਖੁੰਡੇ ਦਾ ਨਾ ਪਤਾ ਲੱਗਿਆ...ਹਾਉ ਐ.. ਜ਼ੋਰ ਦੀ ਫੌੜ੍ਹਾ ਮਾਰਦਾ ਹੈ...ਤੇ ਉਹ ਵਿਚਾਲੇ ਤੋਂ ਟੁੱਟ ਜਾਂਦਾ ਹੈ...

'ਤੈਨੂੰ ਵੀ ਪੈ ਗਈ ਬਿੱਜ...।'

'ਨਾ ਕਿਆ ਹੋ ਗਿਆ ਬਾਪੂ ਜੀ...।' ਭਰ੍ਹੀ ਸੁਟਦੇ ਸਾਰ ਜੱਸੇ ਨੇ ਹਮਦਰਦੀ ਦੇ ਲਹਿਜ਼ੇ ਵਿਚ ਪੁੱਛਿਆ।

'ਹੋ ਗਿਆ ਮੇਰਾ ਸਿਰ...। ਕਿੰਨੀ ਵਾਰ ਕਿਹਾ ਮੈਥੋਂ ਨੀ ਇਹਦੇ ਚੋਣੇ ਨੂੰ ਪਾਣੀ ਪਿਲਾ ਹੁੰਦਾ...'

'ਦੇਖ ਇੱਕ ਜਣੇ ਦਾ ਤਾਂ ਵਾੜੇ ਵਿਚ ਨੀ ਕੰਮ ਮੁੱਕਦਾ...। ਐਹ ਹੁਣ ਹਾਲੇ ਮੀਣੀ ਦਾ ਫੌਸ ਹਟਾਕੇ ਹਟਿਆਂ...ਆਹ ਹੁਣ ਚੱਪੀ ਨੇ ਕਰਤਾ...। ਪਤਾ ਨੀ

**ਪਾਣੀ ਦੀ ਕਮੀ ਨਹੀਂ, ਸਗੋਂ ਬਦ-ਇੰਤਜ਼ਾਮੀ ਹੈ :**

ਹੁਣੇ ਹੁਣੇ ਕੁਝ ਦਸਤਾਵੇਜ਼ ਆਈਆਂ ਹਨ, ਜਿਹੜੀਆਂ ਕੌਮਾਂਤਰੀ ਮਾਹਿਰਾਂ ਵਲੋਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਦਾ ਜ਼ਿਕਰ ਅਖ਼ਬਾਰਾਂ ਵਿਚ ਆਇਆ ਹੈ। ਇਸ ਦੇ ਅਨੁਸਾਰ ਹਰਿਆਣਾ ਅਤੇ ਪੰਜਾਬ ਨੂੰ ਪਾਣੀ ਦੀ ਕੋਈ ਥੁੜ ਨਹੀਂ। ਇਹ ਪਾਣੀ ਸਗੋਂ ਬਦਇੰਤਜ਼ਾਮੀ (Poor Management) ਕਰਕੇ ਜ਼ਾਇਆ ਹੋ ਰਿਹਾ ਹੈ। ਥੋੜੀ ਜਿਹੀ ਹੀ ਵਿਉਂਤ-ਬੰਦੀ ਨਾਲ ਕਿਸਾਨਾਂ ਨੂੰ ਉਹਨਾਂ ਦੀ ਲੋੜ ਜਾਂ ਲੋੜ ਤੋਂ ਵੱਧ ਵੀ ਇਸ ਅਨੁਸਾਰ ਪਾਣੀ ਦਿਤਾ ਜਾ ਸਕਦਾ ਹੈ। ਪਿਛਲੇ ਕੁਝ ਸਾਲਾਂ ਵਿਚ ਉਹ ਸਿਆਸਤਦਾਨ ਜਿਨ੍ਹਾਂ ਦੀ ਸਾਰੀ ਸਿਆਸਤ ਦਾ ਅਧਾਰ ਹੀ ਲੋਕਾਂ ਵਿਚ ਫੁੱਟ ਪਾਉਣਾ ਹੈ, ਉਹ ਪਾਣੀ ਦਾ ਮਸਲਾ ਲੈ ਕੇ ਹਰਿਆਣਾ, ਰਾਜਸਥਾਨ ਤੇ ਪੰਜਾਬ ਦੇ ਲੋਕਾਂ ਦੇ ਦਰਮਿਆਨ ਫੁੱਟ ਪਾਉਂਦੇ ਚਲੇ ਆ ਰਹੇ ਹਨ। ਬਦ-ਕਿਸਮਤੀ ਨਾਲ ਲੋਕ ਪੱਖੀ ਪਾਰਟੀਆਂ ਵੀ ਕੁਝ ਹੱਦ ਤਕ ਇਸ ਸਾਜ਼ਿਸ਼ ਦਾ ਸ਼ਿਕਾਰ ਹੋ ਗਈਆਂ। ਪਾਣੀ ਦੀ ਪੰਜਾਬ ਦੇ ਕਿਸਾਨਾਂ ਨੂੰ ਵੀ ਲੋੜ ਹੈ ਤੇ ਪਾਣੀ ਦੀ ਹਰਿਆਣਾ ਤੇ ਰਾਜਸਥਾਨ ਦੇ ਕਿਸਾਨਾਂ ਨੂੰ ਵੀ ਲੋੜ ਹੈ। ਜੇ ਇਹ ਨਹੀਂ ਮਿਲ ਰਿਹਾ ਤਾਂ ਇਹਦਾ ਕਸੂਰ ਬਹੁਤ ਹੱਦ ਤਕ ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰ ਦੇ ਭ੍ਰਿਸ਼ਟ ਅਮਲੇ ਉਤੇ ਸੁੱਟਿਆ ਜਾ ਸਕਦਾ ਹੈ, ਜੋ ਅਸਲ ਵਿਚ ਭ੍ਰਿਸ਼ਟ ਨਿਜ਼ਾਮ ਦੀ ਦੇਣ ਹੈ। ਪੰਜਾਬ ਵਿਚ ਹੜ੍ਹ ਵੀ ਇਸੇ ਬਦ-ਇੰਤਜ਼ਾਮੀ ਦੀ ਦੇਣ ਹਨ। ਲਖਾਂ ਗਰੀਬ ਲੋਕਾਂ ਨੂੰ ਜੋ ਤਕਲੀਫ਼ ਸਹਿਨੀ ਪਈ ਹੈ, ਉਹ ਇਸੇ ਕਰਕੇ ਸਹਿਣੀ ਪਈ ਹੈ ਕਿ ਮੀਂਹ ਦੇ ਪਾਣੀ ਦੇ ਨਿਕਾਸ ਦੀ ਬਾਕਾਇਦਾ ਵਿਉਂਤਬੰਦੀ ਨਹੀਂ। ਸੜਕਾਂ, ਰੇਲ ਲਾਈਨਾਂ, ਪੁਲ ਜਾਂ ਨਿਕਾਸ ਨਾਲੇ ਬਨਾਉਣ ਲੱਗਿਆਂ ਇੰਜਨੀਅਰਿੰਗ ਦੀ ਸਾਇੰਸ ਨਹੀਂ, ਸਗੋਂ ਸਿਆਸੀ ਹਿੱਤਾਂ ਨੂੰ ਮੁਖ ਰਖਿਆ ਗਿਆ। ਇਹ ਗੱਲਾਂ ਲੋਕਾਂ ਨੂੰ ਸਮਝਣੀਆਂ ਚਾਹੀਦੀਆਂ ਹਨ। ○

**ਖੇਡ ਮੈਦਾਨ ਸਾਡੇ ਬੱਚਿਆਂ ਅਤੇ ਨੌਜਵਾਨਾਂ ਦੀ ਬੁਨਿਆਦੀ ਲੋੜ ਹਨ :**

ਰਾਏਪੁਰ (ਮੱਧਿਆ ਪ੍ਰਦੇਸ਼) ਦੇ ਨੌਜਵਾਨਾਂ ਨੇ ਸ਼ਹਿਰ ਵਿਚ ਖੇਡ ਮੈਦਾਨਾਂ ਦੀ ਅਣਹੋਂਦ ਦੇ ਵਿਰੁਧ ਇਕ ਆਪਣੀ ਕਿਸਮ ਦਾ ਰੋਸ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਸ਼ਹਿਰ ਦੀ ਵੱਡੀ ਸੜਕ ਤੇ ਹਾਕੀ ਦਾ ਮੈਚ ਰਖ ਲਿਆ ਅਤੇ ਕੁਝ ਘੰਟਿਆਂ ਲਈ 'ਟਰੈਫਿਕ ਜੈਮ' ਕਰ ਦਿਤਾ। ਸਾਧਾਰਨ ਲੋਕਾਂ ਨੇ ਇਸ ਰੋਸ ਵਿਖਾਵੇ ਦਾ ਪੂਰਾ ਸਮਰਥਨ ਕੀਤਾ। ਕਾਰਪੋਰੇਸ਼ਨ ਦੇ ਪ੍ਰਧਾਨ ਨੂੰ ਮੌਕੇ ਤੇ ਕੁਝ ਥਾਂਵਾਂ ਦਾ ਏਲਾਨ ਕਰਨਾ ਪਿਆ ਜੋ ਇਕ ਮਹੀਨੇ ਦੇ ਅੰਦਰ ਅੰਦਰ ਖੇਡ ਮੈਦਾਨਾਂ ਵਿਚ ਤਬਦੀਲ ਕੀਤੇ ਜਾਣਗੇ। ○

ਸਾਲੀਆਂ ਦੇ ਢਿੱਡ ਵਿਚ ਕਿਆ ਠੋਕਿਆ ਵਾ...ਇਕ ਪਲ੍ਹ ਨੀ ਨਿਚੱਲੀਆਂ ਖੜ੍ਹਦੀਆਂ.. ।

'ਔਹ ਕੱਟੀ ਨੂੰ ਬੰਨ੍ਹਦੇ ਫੂਕਦੇ...।' ਉਸਨੇ ਕੱਟੀ ਵੱਲ ਇਸ਼ਾਰਾ ਕਰਕੇ ਕਿਹਾ।

'ਬੰਨ੍ਹਦਾਂ.. ਬੰਨ੍ਹਦਾਂ...ਹੁਣ...ਹੋਰ ਕਿਆਂ ਕਰਦਾਂ?'

'ਬਈ ਜੱਸਿ ਸਉਂਕਾ ਬੋੜਾ ਮੱਲਿਆ ਹੋਇਆ...।' ਸਉਂਕਾ ਵੇਖਕੇ ਉਸਦਾ ਅੱਧਾ ਗੁੱਸਾ ਐਵੇਂ ਲੱਥ ਗਿਆ।

'ਹਾਲੇ ਤਾਂ ਚਮਾਰੀਆਂ ਵੱਢ ਲੈ ਗਈਆਂ ਮੱਲਿਆ ਮੱਲਿਆ।'

'ਕੋਈ ਨਾ ਮੈਂ ਬੈਠਦਾਂ ਕੱਲ੍ਹ ਤੋਂ...। ਦੱਸਦਾਂ ਇਨ੍ਹਾਂ ਨੂੰ ਵੀ...।'

ਬੱਸ ਇਸ ਤਰ੍ਹਾਂ ਗੱਲਾਂ ਕਰਦੇ 2 ਉਹ ਬਿਲਕੁਲ ਸਧਾਰਨ ਹਾਲਤ ਵਿਚ ਆ ਗਏ...ਜਿਵੇਂ ਆਮ ਬਾਪ ਪੁੱਤ ਗੱਲਾਂ ਕਰਦੇ ਹੁੰਦੇ ਨੇ...।

'ਜਾ ਤੂੰ ਪਾਣੀ ਧਾਣੀ ਪੀ ਆ...ਫਿਰ ਕਰਦੇਂ ਟੋਕਾ ਟੱਲਾ...।"

'ਮੈਂ ਤਾਂ ਹੁਣ ਅਰਾਮ ਕਰਕੇ ਆਉਂ.. ਤੁਸੀਂ ਵੀ ਚੱਲੋ...।'

'ਨਾ ਮੈਂ ਮੱਕੀ ਕਿੰਨੀ ਗੇੜਾ ਮਾਰ ਆਉਂਦਾ ਐਨੇ... ਇਹ ਆਲ'ਜਾਤ ਵੇਲੇ ਕੁਵੇਲੇ ਹੀ ਚੋਰੀ ਕਰਦੀ.. ।'

ਸ਼ਾਮ ਨੂੰ ਉਹ ਇਕੱਲਾ ਹੀ ਟੋਕਾ ਕਰਨ ਲੱਗ ਪਿਆ। ਹਾਲੀ ਉਸਨੇ ਦੋ ਹੀ ਰੁੱਗ ਟੁੱਕੇ ਹੋਣਗੇ ਕਿ ਬਾਪੂ ਜੀ ਨੇ ਆ ਅਵਾਜ਼ ਮਾਰੀ...,

'ਨਾ ਟੋਕਾ ਤਾਂ ਕਰਨ ਲੱਗ ਪਿਆ। ਕਿੰਨੀ ਵਾਰ ਕਿਹਾ, ਬਈ ਵਾੜੇ ਵਿਚ ਵੜਦੇ ਸਾਰ ਹੋਰ ਕੰਮ ਛੱਡ ਕੇ ਪਹਿਲਾਂ ਮੈਂਸਾਂ ਦੇ ਫੋਸ ਹਟਾਏ ਕਰ...ਦੇ...ਦੇ...ਦੇਖ ਤਾਂ ਘਾਣੀ ਵੱਢੀ ਪਈ ਮਾਰਕੇ...'

'ਆਹ ਟਾਂਡੀ ਤਾਂ ਛਿੱਲ ਲੈਂਦਾ ਜੱਸੇ।'

'ਕਿਉਂ ਇਹਨੂੰ ਕੀ ਹੋ ਗਿਆ ? ਨਾ ਟਾਂਡਿਆਂ ਨੂੰ ਹੋਰ ਘੀ ਲਾ ਦੇਵਾਂ...।'

'ਕਿਤੇ ਨੀ...ਕਿਤੇ ਨੀ...' ।

'ਅੱਛਾ ਭਾਈ ਤੇਰੀ ਮਰਜ਼ੀ...।' ਕੁਝ ਦੇਰ ਰੁਕ ਕੇ, 'ਇਹਨਾਂ ਗੱਲਾਂ ਨੇ ਤਾਂ ਪੱਟੀ ਮੇਸ ਕਰੀ ਤੇਰੀ।'

'ਕਿਹੜੀ ਪੱਟੀ ਮੇਸ ਕਰਤੀ ਮੈਂ...ਦੱਸ...।'

'ਨਾ ਹਾਲੇ ਕਸਰ ਐ...।'

'ਮੈਂ ਨੀ ਕਰਨਾ ਟੋਕਾ ਟੁਕਾ...।' ਮਸ਼ੀਨ ਛੱਡਕੇ ਉਹ ਪਾਸੇ ਹੋ ਕੇ ਖੜ੍ਹ ਗਿਆ।

'ਜੇ ਆਏਂ ਹੀ ਕਰਨਾ ਤਾਂ ਆਹ ਬਾਪੂ ਨੂੰ ਕਿਉਂ ਲਿਆਂਦਾ।' ਉਸਨੇ ਕੋਲ ਖੜੇ ਟਰੈਕਟਰ ਵੱਲ ਇਸ਼ਾਰਾ ਕਰਕੇ ਕਿਹਾ।

'ਮੈਂ ਕੱਲਾ ਹੀ ਲਿਆਇਆ ਇਹਨੂੰ...ਸਭਦੀ ਰੈਅ

ਨਾਲ ਹੀ ਲਿਆਂਦਾ...।'

'ਕਿਉਂ.. ਮੈਂ...ਰੋਕ ਨੀ...ਹਟਿਆ...ਵੀ ਭਾਈ ਜਿਆਦਾ ਭਾਰ ਨਾ ਚੁੱਕੋ...ਮੇਰੀ ਸੁਣੀ ਐਥੇ...ਨੂੰਗੀ ਚੜ੍ਹੀ ਹੋਈ ਤੀ.. ਤੁਹਾਨੂੰ ਤਾਂ।'

'ਰੋਕਿਆ ਉਥੇ ਝੂਠ...ਝੂਠੀਓ।'

'ਡੱਡੂ ਵਾਂਗ ਨਾ ਨਾਸਾਂ ਫੁਲਾ...ਟੈਂਕਾ ਕਰਨਾ ਕਰ, ਨਹੀਂ ਆਪਣੇ ਰਸਤੇ ਪੈ.. ਤੂੰ ਦੁੱਖ ਹੀ ਦੇਣਾ...ਮੈਨੂੰ ਤਾਂ ਪਤਾ ਤਾਂ...ਨਾਲੇ ਨਸਲ ਹੀ ਦਿਖ ਜਾਂਦੀ ਬੰਦੇ ਦੀ ਤਾਂ...।'

'ਹੁਣ ਨਸਲ ਦੀ ਪਰਖ ਹੋਗੀ ਇਹਨੂੰ...।'

'ਚੁੱਪ ਕਰ...ਚੁੱਪ ਕਰ...ਕਬੀਜ਼ ਬਕੜਬੀਜ਼..।'

'ਨਾ ਭਲਾ ਕਿਆ ਰੌਲਾ ਪਾਇਆ ਤੁਸੀਂ..।' ਦੁੱਖ ਨਾਲ ਭਰੀ ਅਵਾਜ਼ ਉਹ ਮਸਾਂ ਹੀ ਕੱਢ ਸਕੀ।

'ਇਹ ਘਰ ਦਾ ਤਾਂ ਬੇੜਾ ਬੈਠਣਾ...ਬੇੜਾ...।'

'ਨਾ ਸਾਡਾ ਕਿਉਂ ਬੈਠੇ...ਬੈਠੇ ਸਾਡੇ ਦੁਸ਼ਮਣਾਂ ਦਾ..।'

ਮੈਂ ਜਾ ਕੇ ਆਇਆਂ ਹੁਣ, ਮੱਕੀ ਅੱਧੀ ਖਾ ਲੀ ਝੱਟੇ ਨੇ...ਜਦ ਗੇੜਾ ਈ ਨੀ ਮਾਰਨਾ.. ਬੱਸ ਉਹੀ ਕੰਮ ਕਰਨਾ, ਜਿਹੜਾ ਗਲ ਪੈ ਗਿਆ. । ਮੇਰੀ ਮੰਨੀ ਕਿਸੇ ਨੇ...ਹੁਣ ਤਾਰੋ ਕਿਸ਼ਤ।' ਮੱਕੀ ਦੀ ਯਾਦ ਆ ਕੇ ਉਸਨੂੰ ਹੋਰ ਜਲੂਨ ਜਿਹੀ ਛਿੜ ਪੈਂਦੀ..।

'ਨਾ ਸਭ ਕੁਝ ਉਤਰ ਜਾਣਾ.. ਧੀਰਜ ਕਰੋ... ਮਾੜਾ ਮੋਟਾ।' ਉਹ ਹੁਣ ਦੀ ਲੜਾਈ ਟਾਲਣੀ ਚਾਹੁੰਦੀ ਸੀ, ਭਾਵੇਂ ਉਸਨੂੰ ਪਤਾ ਸੀ ਕਿ ਕਿਸ਼ਤ ਨਹੀਂ ਉਤਰਨੀ।

'ਦੇ.. ਦੇ.. ਹੜੀ ਜਾਂਦੀ ਮਲ੍ਹਾਰ ਗਾਉਂਦੀ .. ਕਿਸ਼ਤ ਸਿਰ ਪਰ ਖੜ੍ਹੀ ਏ, ਕਹਿੰਦੀ ਆਪੇ ਉਤਰ ਜੂਗੀ।'

'ਨਾ ਹੁਣ ਤੁਸੀਂ ਦੱਸੋ ਜਦ ਫਸਲ ਏ ਮਰਗੀ... ਇਹ...ਚ ਤਾਂ ਕਿਸੇ ਦਾ ਕਿਆ ਕਸੂਰ.. ਉਹਨਾ ਨੂੰ ਵੀ ਤਾ ਪਤਾ।'

'ਹਿਜੜੇ ਨੂੰ ਕਿਆ ਭਲਾ ਕੱਲ ਨੂੰ ਮਰਜੇ...ਉਹਨੇ ਤਾਂ ਅੱਜ ਵਧਾਈ ਲੈਣੀ...। ਉਹਨੇ ਨੇ ਤਾਂ ਕਿਸ਼ਤ ਲੈਣੀ ਕਿਸ਼ਤ...ਭਲਾ ਤੇਰੇ ਘਰ ਨੂੰ ਅੱਗ ਲੱਗ ਜੇ..।'

'ਨਹੀਂ...ਨਹੀਂ...।'

'ਇਹ...ਤੂੰ...ਜਾਂਦੀ ਏਂ.. ਕਿ. ਨਹੀਂ.. ਵੱਡੀ ਕਨੂੰਨਣ...।'

'ਚੱਲ ਬੀਬੀ...।' ਜੱਸੇ ਨੇ ਗੁੱਸੇ ਦੇ ਲਹਿਜ਼ੇ ਵਿਚ ਕਿਹਾ।

'ਆ...ਦੇ...ਸਾਲਾ ਵੱਡਾ ਹਮੈਤੀ...।'

'ਹੈ...ਨੀ.. ਫਿਰ।

'ਫਿਰ ਕਰਕੇ ਵੀ ਦਿਖਾ ਕੁਛ...।'

'ਦਿਖਾ...ਦੂੰਗਾ...ਦਿਖਾ...ਦੂੰਗਾ ਹਾਂ..।'

**ਵਜ਼ੀਰਾਂ ਦੀਆਂ ਤੇਜ਼ ਗੱਡੀਆਂ ਦਾ ਮੁਕਾਬਲਾ ਪੁਲਸ ਗੱਡੀਆਂ ਨਹੀਂ ਕਰ ਸਕਦੀਆਂ :**

ਇਹ ਖ਼ਬਰ ਕੇਰਲਾ ਦੀ ਹੈ। ਵਜ਼ੀਰਾਂ ਕੋਲ ਸਫ਼ਰ ਲਈ ਨਵੀਆਂ ਵਡੀਆਂ ਕਾਰਾਂ ਹਨ। ਉਹਨਾਂ ਦੀ ਰਖਵਾਲੀ ਲਈ ਜਿਹੜੀਆਂ ਪੁਲਸ ਗੱਡੀਆਂ ਹਨ, ਉਹ ਇਹਨਾਂ ਕਾਰਾਂ ਦੀ ਸਪੀਡ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਤੇ ਪਿਛੇ ਜਿਹੇ ਤੇਜ਼ ਚਲਾਉਣ ਕਰਕੇ ਕੁਝ ਪੁਲਸ ਗੱਡੀਆਂ ਦੇ ਐਕਸੀਡੈਂਟ ਹੋ ਗਏ। ਪੁਲਸ ਨੇ ਇਸ ਦਾ ਰਾਹ ਹੁਣ ਇਹ ਲਭਿਆ ਹੈ ਕਿ ਜਦੋਂ ਵਜ਼ੀਰ ਨੇ ਆਉਣਾ ਹੋਵੇ ਤਾਂ ਟੈਕਸੀਆਂ ਨੂੰ ਪੁਲਸ ਗੱਡੀਆਂ ਦੀ ਥਾਂ ਤੇ ਵਰਤਿਆ ਜਾਏ, ਕਿਉਂਕਿ ਟੈਕਸੀ ਡਰਾਈਵਰ ਬਹੁਤੇ ਮਾਹਿਰ ਹੁੰਦੇ ਹਨ। ਏਨ੍ਹਾਂ ਕਾਰਾਂ ਦਾ ਜੇਕਰ ਕੋਈ ਐਕਸੀਡੈਂਟ ਹੋ ਜਾਏ ਤਾਂ ਕਿਸੇ ਮੁਆਵਜ਼ੇ ਦੀ ਲੋੜ ਨਹੀਂ ਕਿਉਂਕਿ ਕਾਨੂੰਨ ਦੀ ਕਿਤਾਬ ਵਿਚ ਇਕ ਧਾਰਾ ਕਾਇਮ ਹੈ ਕਿ ਕਿਸੇ ਵੀ ਲੋੜ ਵੇਲੇ ਕਾਨੂੰਨ ਦੇ ਰਖਵਾਲੇ ਕਿਸੇ ਵੀ ਪਬਲਿਕ ਗੱਡੀ ਨੂੰ ਕਾਨੂੰਨ ਦੀ ਰਾਖੀ ਲਈ ਮੁਆਵਜ਼ਾ ਦਿਤੇ ਬਗ਼ੈਰ ਵਰਤ ਸਕਦੇ ਹਨ। ਟੈਕਸੀ ਡਰਾਈਵਰਾਂ ਨੇ ਇਹਨਾਂ ਕਾਰਵਾਈਆਂ ਦੇ ਖਿਲਾਫ਼ ਰੋਸ ਹੜਤਾਲ ਕੀਤੀ ਹੈ। ○

ਚਲੋ...ਚਲੋ ਘਰ ਨੂੰ...ਮੈਂ ਠੀਕ-2 ਆਈ... ਚਾਹ ਵੀ ਠੰਢੀ ਹੋ ਗਈ ਹੋਣੀ...। ਉਹ ਕਿਸੇ ਨਾ ਕਿਸੇ ਤਰ੍ਹਾਂ ਦੋਵਾਂ ਨੂੰ ਨਿਖੇੜਨਾ ਚਾਹੁੰਦੀ ਸੀ...। ਪਹਿਲਾਂ ਤਾਂ ਜੱਸਾ ਵੀ ਨਾਲ ਹੀ ਤੁਰ ਪਿਆ—ਪਰ ਘਰ ਕੋਲੋਂ ਫਿਰ ਵਾੜੇ ਵੱਲ ਚੱਲ ਪਿਆ...।

3

ਕਮਲ ਹਟ ਜਾਉ...ਓ ਟੁੱਟ ਪੈਣੇਓ...ਉਹ ਮਰਜਾਣਿਓ...ਉਹ ਤੁਸੀਂ ਕਿਉਂ ਦੁੱਖ ਦੇਣ ਲੱਗੇ... ਮਰ ਜਾਣਿਓ ਕਿਉਂ ਸਵਾਹ ਖਿੰਡਾਈ ਜਾਂਦੇ...ਖੜ੍ਹਜਾ ਤੇਰੀ ਮਿਟਾਉਂਦੀ ਗੁਗਲੀ...ਉਹ ਤੇਰਾ ਕੱਖ ਨਾ ਰਹੇ... ਹਟ ਜਾਓ...ਹਟ ਜਾਓ...ਮੈਂ ਤਾਂ ਅੱਗੇ ਹੀ ਦੁੱਖੀਂ ਏ ਇਕ ਪਹਿਲਾਂ ਪੱਥਰ ਪੱਲੇ ਪੈ ਗਿਆ...ਗ ਹਾਂ ਨੂੰ ਤੁਸੀਂ ਜੰਮ ਪਏ.. ਇਹ ਅਵਾਜ਼ ਵੱਡੇ ਮੁੰਡੇ ਜੱਸੇ ਦੀ ਘਰ ਵਾਲੀ ਦੀ ਸੀ। ਇਸਨੇ ਵੀ ਜਿਵੇਂ ਲੜਨਾ ਕੁਝ ਕੁ ਮਹੀਨਿਆਂ ਤੋਂ ਸਿੱਖਿਆ ਹੈ।

ਘਰ ਵੜਦੀ ਸਾਰ ਹੀ ਬਖਸ਼ੀਸ਼ ਸਿੰਘ ਨੇ ਸਾਰੇ ਘਰ ਵੱਲ ਇਸ਼ਾਰਾ ਕਰਕੇ ਕਿਹਾ, 'ਆਹ...ਦੇਖ ਲੈ... ਇਹ ਤਾਂ ਆਵਾ ਊਤ ਗਿਆ . ਇਹ ਘਰ ਵੀ ਬੱਸ...।'

'ਨਾ ਤੂੰ ਛੱਤਣ ਚੱਕੀ ਸਿਰ ਪਰ...।' ਉਸਨੂੰ ਵੀ ਗੁੱਸਾ ਤਾਰਨ ਦਾ ਮਸੀਂ ਹੀ ਮੌਕਾ ਮਿਲਿਆ ਸੀ।

'ਕਿੱਥੇ ਬੀਬੀ...ਇਹ ਟਿਕਦੇ ਨੇ ਕਿਤੋਂ—ਆਹ ਦੇਖ

ਹਾਰੇ ਦੀ ਸਾਰੀ ਸੁਵਾਹ ਖਿੰਡਾ ਤੀ...ਹਾਲੇ ਮੈਂ ਹੁਣ ਸ਼ਿੰਬਰ ਕੇ ਹਟੀਂ...।'

'ਨਾ ਤਾਂ ਕਿਆ ਬਹੂਆਂ ਏਨੀ ਉੱਚੀ ਬੋਲਦੀਆਂ ਕਿਤੇ...ਏਨ੍ਹੀ ਉੱਚੀ ਭੌਂਕਣਾ।'

'ਬੀਬੀ ਤੂੰ ਮੈਨੂੰ ਹਰ ਵਕਤ ਭੌਂਕਣਾ 2 ਹੀ ਕਹਿੰਦੀ ਰਹਿੰਦੀ...ਜੇ ਆਪਣੀ ਕੁੜੀ ਹੁੰਦੀ ਤਾਂ ਪਤਾ ਲੱਗਦਾ...।' ਰੋਂਦੀ ਰੋਂਦੀ ਬੈਠਕ ਵਿਚ ਚਲੀ ਗਈ.. ।

'ਲੜਪੋ...ਲੜਪੋ...ਤੁਹਾਡੀ ਹੀ ਕਸਰ ਰਹਿੰਦੀ ਬਾਕੀ...।' ਬਖਸ਼ੀਸ਼ ਸਿੰਘ ਨੇ ਅਜੀਬ ਜਿਹੇ ਢੰਗ ਨਾਲ ਕਿਹਾ ।

ਬੜੀ ਮੁਸ਼ਕਲ ਨਾਲ ਜੱਸੇ ਦੀ ਬੀਬੀ ਨੇ ਤਾਂ ਕਾਬੂ ਪਾ ਲਿਆ, ਪਰ ਉਹ ਕਾਫੀ ਦੇਰ ਤੱਕ ਬੁੜਬੁੜਾਂਦੀ ਰਹੀ।

4

ਇਸ ਵੱਡੇ ਸਾਰੇ ਘਰ ਨੂੰ ਦੇਖਕੇ ਬਾਹਰਲਾ ਬੰਦਾ ਏਂਦਾਂ ਸਮਝਦਾ ਸੀ...ਜਿਵੇਂ ਅੱਛੇ ਖਾਂਦੇ ਪੀਂਦੇ ਬੰਦੇ ਹੋਣਗੇ...। ਹੋਣਗੇ ਕਿਉਂ ਜਾਪਦੇ ਨੇ...। ਵਾੜੇ ਵਿਚ ਨਿਗਾਹ ਮਾਰੋ ਤਾਂ ਟਰੈਕਟਰ ਖੜਾ ਹੈ, ਟਰਾਲੀ ਖੜੀ ਹੈ... ਇਕ ਪਾਸੇ ਫਾਲੇ, ਕਰਾਹ, ਹੈਰੋ......ਵਾੜਾ ਭਰਿਆ ਜਾਪਦਾ...। ਘਰ ਸਾਰਾ ਪੱਕਾ...ਪੱਕਾ ਹੀ ਨਹੀਂ ਡਿਜ਼ਾ-ਈਨਦਾਰ ਹੈ...ਉਪਰ ਚੁਬਾਰਾ ਹੈ...ਦੇਖਣ ਵਾਲੇ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਨੇ ਇਕ ਵਾਰ...। ਪਰ ਜੇ ਇਸ ਘਰ ਦੇ ਸੰਕਟ ਬਾਰੇ ਦੱਸੋ ਤਾਂ ਕਿਸੇ ਨੂੰ ਪਹਿਲੀ ਵਾਰ ਤਾਂ ਜਿਵੇਂ ਵਿਸ਼ਵਾਸ ਹੀ ਨਾ ਆਵੇ...। ਇਸ ਸੰਕਟ ਵਿਚ ਫਸੇ ਹੋਏ ਜੀਵਾਂ ਦੀ ਗੱਲਬਾਤ ਹਾਲੇ ਵੀ ਜਾਰੀ ਹੈ।

'ਤੁਸੀਂ ਜੱਸੇ ਨਾਲ ਨਾ ਲੜਾਈ ਝਗੜਾ ਕਰਿਆ ਕਰੋ...ਆਖ਼ਰ ਬਰਾਬਰ ਦਾ ਹੋ ਗਿਆ।'

'ਲੈ ਦੱਸ...ਉਹ ਮੇਰਾ ਦੁਸ਼ਮਨ ਐ ਕੋਈ...ਪਰ ਉਹ ਮੂਹਰੇ ਹੀ ਬਹੁਤ ਬੋਲਣ ਲੱਗ ਪਿਆ...। ਅੱਜ ਮੈਂ ਟਾਂਡੀ ਛਿੱਲਣ ਨੂੰ ਕਿਹਾ, ਉਹ ਨੀ ਛਿੱਲੀ...ਫਿਰ ਕਿਹਾ ਫੇਸ ਹਟਾ ਦੇ ਡੰਗਰਾਂ ਦੇ...ਫੇਸ ਨੀ ਹਟਾਏ...ਜੇ ਕਹਿੰਦਾ ਹਾਂ ਅੱਗੇ ਤੋਂ ਅੱਖਾਂ ਕੱਢਦਾ...।'

'ਫਿਰ ਵੀ ਤੁਸੀਂ ਮਾੜੀ ਮੋਟੀ ਨਰਮਾਈ ਰੱਖੋ ..।'

'ਲੈ ਹੈਂ...ਸਹੁਰਾ ਪਾਲਿਆ ਨੀ...ਐਡਾ ਬੜਾ ਕਰਿਆ...ਪੜ੍ਹਾਇਆ...ਕਿਸਮਤ ਢਿੱਲੀ ਨਹੀਂ...ਪੜ੍ਹਣ ਨੂੰ ਤਾਂ ਚੰਗਾ ਹੁੰਦਾ ਤਾਂ...।'

'ਮਖਾਂ ਕੱਲ੍ਹ ਮੇਰਾ ਰੋਣਾ ਨਿਕਲ ਗਿਆ, ਜਦ ਇਹ ਤਾਂ ਚੱਕੀ ਆਵੇ ਲੱਕੜੀਆਂ ਦੀ ਭਰੀ ਅਰ ਇਹਦਾ ਜਮਾਤੀ ਮੋਹਣਾ ਆਵੇ ਸਕੂਟਰ ਪਰ...ਮਖਾਂ ਮੇਰੇ ਢਿੱਡ ਵਿਚ ਲੂਰੀਆਂ ਉਠਣ...। ਆਇਆ ਹੀ ਨੀ...ਜਾ ਦੇਖਕੇ ਆ ਤਾਂ...।'

5

ਲਹੂ ਸੁਕਾਉਣ ਵਾਲੀਆਂ ਸੋਚਾਂ ਘਰ ਦੇ ਹਰ ਮੈਂਬਰ ਨੂੰ ਮਖੀਰ ਵਾਂਗ ਚਿੰਬੜੀਆਂ ਰਹਿੰਦੀਆਂ...। ਜਿਹੜਾ ਜਿੱਧਰ ਨੂੰ ਵੀ ਹੱਥ ਮਾਰਦਾ ਬੱਸ ਡੰਗ ਹੀ ਵੱਜਦਾ। ਘਰ ਭਾਵੇਂ ਬਖਸ਼ੀਸ਼ ਸਿੰਘ ਲੜ ਪੈਂਦਾ ਸੀ, ਪਰ ਜਦ ਧਰਮ-ਸਾਲਾ ਤੇ ਬੈਠਕੇ ਗੱਲਾਂ ਕਰਦਾ ਤਾਂ ਆਮ ਹਾਲਤ ਵਿਚ ਗੱਲਾਂ ਕਰਦਾ...। ਜੇ ਕੋਈ ਉਥੇ ਬੈਠੇ ਟਰੈਕਟਰ ਦੀ ਗੱਲ ਛੇੜ ਦਿੰਦਾ ਤਾਂ ਉਹ ਹੌਲੀ ਜਿਹੀ ਬੜੇ ਮਾਣ ਨਾਲ ਕਹਿਣਾ ਸ਼ੁਰੂ ਕਰ ਦਿੰਦਾ, 'ਹੋਰ ਭਾਈ ਮੁੰਡਿਆਂ ਨੇ ਹਿੰਮਤ ਕਰ ਲੀ ..ਨਹੀਂ ਕਾਹਨੂੰ ਸੰਦਾ ਬਣਦਾ...ਨਾਲੇ ਇਹ ਲੈਣਾ ਕਿਹੜਾ ਖੇਲ੍ਹ ਪਿਆ...ਮੈਂ ਤਾਂ ਦੇਖ ਲਿਆ ਇਹ ਨੀ ਹਰੇਕ ਦੇ ਬੱਸ ਦਾ ਰੋਗ ..ਦਾਤੀ ਨੀ ਲੈ ਹੁੰਦੀ ਦਾਤੀ ਬਜ਼ਾਰੋਂ...ਇਹ ਤਾਂ ਫੇਰ ਵੀ...।'

'ਲਿਆ ਤਾਂ ਸੌ ਰੁਪਿਆ ਕਲ੍ਹ ਵਾਲਾ...ਲਾਲੇ ਨੂੰ ਦੇ ਆਵਾਂ.. ਸਾਲੇ ਨੇ ਵੀਹ ਵਾਰ ਟੋਕ ਲਿਆ...।' ਬਾਹਰੋਂ ਆਉਂਦੇ ਬਖਸ਼ੀਸ਼ ਸਿੰਘ ਨੇ ਕਿਹਾ।

'ਉਹ ਤਾਂ ਜਗੀਰਾ ਲੈ ਗਿਆ ਆਪਣੀਆਂ ਦਿਹਾੜੀਆਂ ਦੇ...।' ਜੱਸੇ ਦੀ ਬੀਬੀ ਨੇ ਕੁਝ ਘਬਰਾਕੇ ਕਿਹਾ ।

'ਇਹ ਉਹ ਕਾਹਨੂੰ ਦਿੱਤੇ ਤੇ...ਹੁਣ ਦੱਸ ਮੈਂ ਕਿੱਥੋਂ ਪੂਰੇ ਕਰੂੰਗਾ...।'

'ਕੱਲ ਦਾ ਦੱਸ ਗੇੜੇ ਮਾਰ ਗਿਆ ਤਾ...।'

'ਹੈਂ ਸਾਲਾ ਕੁੱਤਾ ਚਮਾਰ.. ਦੋ ਦਿਨ ਰੁਕ ਨੀ ਤਾ ਸਕਦਾ...ਮੈਂ ਦੱਸਦਾਂ ਸਾਲੇ ਨੂੰ ਹੁਣੇ ਜਾ ਕੇ...।' ਫਿਰ ਜਿਵੇਂ ਉਹ ਬੁੰਦਲਾ ਜਿਹਾ ਗਿਆ।

ਜਦੋਂ ਦਾ ਟਰੈਕਟਰ ਆਇਆ ਸੀ, ਖਰਚਾਂ ਨੇ ਇਸ ਘਰ ਨੂੰ ਜਿਵੇਂ ਬੰਨਕੇ ਸੁੱਟ ਲਿਆ ਸੀ। ਜਿਧਰ ਨੂੰ ਵੀ ਨਿਗਾਹ ਮਾਰਦੇ ਬੱਸ ਖਰਚ ਹੀ ਖਰਚ ਨਜ਼ਰ ਪੈਂਦੇ। ਫਿਰ ਵੀ ਲੜ ਝਗੜਕੇ ਘੱਟ ਖਰਚ ਕਰਕੇ ਵਕਤ ਲੰਘਾਈ ਜਾ ਰਹੇ ਸਨ...। ਪਰ ਹੁਣ ਪਹਾੜ ਜਿੱਡੀ ਕਿਸ਼ਤ ਸਾਹ-ਮਣੇ ਆ ਖਲੋਤੀ ਸੀ। ਬਖਸ਼ੀਸ ਸਿੰਘ ਨੂੰ ਬੈਂਕ ਵਿਚ ਪਹਿਲੀ ਕਿਸ਼ਤ ਦੇਣ ਗਏ ਇਕ ਬੁੱਢੇ ਦੇ ਇਹ ਲਫਜ਼ ਦਿਨ 'ਚ ਕਈ ਵਾਰ ਯਾਦ ਆ ਜਾਂਦੇ ਨੇ ਕਿ, "ਭਾਈ ਇਹ ਤਾ ਕੱਚਾ ਕੋਹੜ.. ਏ.. ਕੱਚਾ ।' ਰੋਜ਼ ਰਾਤ ਨੂੰ ਸਾਰੇ ਘਰਦਿਆਂ ਵਿਚਕਾਰ ਬੈਠਕੇ ਕਿਸ਼ਤ ਦਾ ਹਿਸਾਬ ਲਾਉਣ ਲੱਗ ਪੈਂਦਾ ਹਾਲਾਂ ਕਿ ਉਸਨੂੰ ਪਤਾ ਹੁੰਦਾ ਕਿ ਹੋਰ ਤਾਂ ਅੱਜ ਕੋਈ ਪੈਸਾ ਆਇਆ ਨੀ...ਕੱਲ ਵਾਲੇ ਹੀ ਹੋਣਗੇ... ਪਰ ਫਿਰ ਵੀ ਉਹ-ਆਪਣੇ ਮਨ ਨੂੰ ਤਸੱਲੀ ਦੇਣ ਲਈ ਕੁਝ ਇਸ ਤਰ੍ਹਾਂ ਹਿਸਾਬ ਲਾਉਣ ਲੱਗ ਪੈਂਦਾ...

'ਹੂੰ ਅੱਧੀ ਕਿਸ਼ਤ ਤਾਂ ਹੋ ਚੱਲੀ...ਸੱਤ ਸੌ ਘਰ ਪਿਆ.. ਹਜ਼ਾਰ ਕੁ ਦੀ ਵਹਾਈ ਹੋ ਜੂ...ਪੰਦਰਾਂ ਸੌ

ਸੁਸਾਇਟੀ ਵਾਲਿਆਂ ਤੋਂ ਮਿਲ ਜਾਣਾ...।'

'ਸੁਸਾਇਟੀ ਵਾਲਾ ਵੀ ਤਾਂ ਮੋੜਨਾ ਪੈਣਾ...।' ਕੋਲ ਬੈਠੇ ਪੀੜ੍ਹੀ ਪਰ ਬੈਠੇ ਜੱਸੇ ਨੇ ਕਿਹਾ।

'ਮੋੜਨਾ ਪਊ ਜਦ ਦੇਖੀ ਜਾਊ...ਆ ..।' ਬਖਸ਼ੀਸ਼ ਸਿੰਘ ਨੂੰ ਗੁੱਸਾ ਆ ਗਿਆ। ਜਿਵੇਂ ਉਸਨੂੰ ਖ਼ਾਹਮਖ਼ਾਹ ਉਹ ਯਾਦ ਕਰਾ ਰਿਹਾ ਹੋਵੇ।

'ਦੋ ਹਜ਼ਾਰ ਦੀ ਲੱਕੜੀ ਹੋ ਜੂ..।' ਉਸਨੇ ਫਿਰ ਬੋਲਣਾ ਸ਼ੁਰੂ ਕੀਤਾ।

'ਹਾਲੇ ਤਾਂ ਅੱਧੀ ਵੀ ਨਹੀਂ ਹੋਈ..।' ਦੇਹਲੀ ਪਰ ਬੈਠੇ ਜੱਸੇ ਨੇ ਕਿਹਾ।

'ਉਹ !' ਉਸਨੇ ਲੰਬਾ ਸਾਹ ਭਰਿਆ ..।

ਬਾਪੂ ਦੇ ਇਸ ਲੰਬੇ ਸਾਰੇ ਹਉਕੇ ਨੇ ਸਾਰੇ ਘਰ ਵਿਚ ਉਦਾਸੀ ਖਿਲਾਰ ਦਿੱਤੀ।

6

ਭਾਵੇਂ ਸਾਰੇ ਘਰਦੇ ਇਕ ਦੂਜੇ ਨੂੰ ਬੇਹੱਦ ਪਿਆਰ ਕਰਦੇ ਨੇ ਪਰ ਜ਼ਿੰਦਗੀ ਤੋਂ ਅੱਕੇ ਪਏ ਨੇ...। ਬਖਸੀਸ਼ ਸਿੰਘ ਨੇ ਅੱਜ ਪੂਰੀ ਸ਼ਰਾਬ ਪੀਤੀ ਹੋਈ ਹੈ। ਆਪ ਨਹੀਂ ਉਹ ਲਾਗਦੇ ਪਿੰਡ ਕਿਸੇ ਦੇ ਵਿਆਹ ਤੇ ਪੀਕੇ ਆਇਆ ਹੈ। ਰੋਟੀ ਖਾਂਦਾ 2 ਉਹ ਆਪ ਮੁਹਾਰੇ ਹੀ ਬੋਲੀ ਜਾ ਰਿਹਾ ਹੈ...

'ਜੱਸੇ' ਉਹਨੇ ਜ਼ੋਰ ਦੀ ਹਾਕ ਮਾਰੀ...।

'ਹਾਂ ਬਾਪੂ ਜੀ...।'

'ਇਹ ਤਾਂ ਉਹ ਗੱਲ ਹੋਈ ਪੁੱਤ। ਆਖੇ ਬਾਪੂ ਟਰੈਕਟਰ ਲਿਆਦੇ, ਫਰਦ ਪਟਵਾਰੀ ਕੋਲ਼ ਨੀ ਤਸੀਲ ਵਿਚ ਪਈ ਰਹੂ...।' ਫਿਰ ਆਪ ਮੁਹਾਰੇ ਹੀ ਹੱਸਦਾ ਰਿਹਾ।

'ਜੱਸੇ' ਬੀਬੀ ਨੇ ਇਸ਼ਾਰਾ ਕਰਕੇ ਉਹਨੂੰ ਬਾਪੂ ਤੋਂ ਪਰ੍ਹੇ ਹੋਣ ਲਈ ਕਿਹਾ।

'ਤੈਂ ਪੁੱਤ ਰੋਟੀ ਖਾ ਲੀ।'

'ਪੁੱਤ ਕਿਸ਼ਤ ਉਤਰ ਜੂ...ਗੀ...।'

'ਹਾਂ ਆਂਏ.. ਤਾਂ...ਤਾਰਾਂਗੇ...ਹੀ...।'

'ਪੁੱਤ ਜੇ ਆਪਣੇ ਵਿੱਡਾਂ ਦਾ ਕਾਠ ਮਾਰਕੇ ਹੀ ਉਤਰੀ ਫਿਰ ਕਿਆ ਸਹਾਰਾ ਹੋਇਆ ?...ਫਿਰ ਮੂਹਰੇ ਪਈ ਬਾਕੀ ਬਚਦੀ ਰੋਟੀ ਖਾਣ ਲੱਗ ਪਿਆ..।

'ਵਾਗੁਰੂ.. ਸ਼ੁਕਰ ਏ ਮਹਾਰਾਜ ਜੇ ਤੂੰ ਕੱਢੂ ਨਾਲ ਵੀ ਦੇ ਦਿੱਤੀ...।'

ਫਿਰ ਹੌਲੀ ਜਿਹੇ ਮੁਸਕਰਾਉਂਦਾ ਹੈ, 'ਹੋਰ ਸਾਲ਼ਿਆ ਤੈਨੂੰ ਤਰੀ ਮਿਲਣੀ, ਚੱਲ ਇਹ ਤੇ ਹੀ ਸਬਰ ਲਿਆ...।' ਸਾਰੇ ਘਰ ਵਿਚ ਇਕ ਫਿੱਕਾ ਜਿਹਾ ਹਾਸਾ ਖਿੱਲਰ ਗਿਆ।

7

'ਡੰਗਰਾਂ ਨੂੰ ਤੇਤੋਂ ਨੀ ਕੱਖ ਪੈਂਦੇ...ਟੋਕਾ ਤੇਤੋਂ ਨੀ ਹੁੰਦਾ...ਚਰ੍ਹੀ ਤੇਤੋਂ ਨੀ ਲਿਆ ਹੁੰਦੀ...। ਹੋਰ ਦੱਸ ਕਿਆ ਕਰੂੰਗਾ ਤੂੰ...? ਮੈਨੂੰ ਦੱਸ ਅੱਜ ਮੈਂ ਫੈਸਲਾ ਕਰਕੇ ਹੀ ਹਟਣਾ।'

'ਨਾ ਐਹ ਹੁਣ ਕੱਖ ਨੀ ਪਾ ਕੇ ਹਟਿਆ।'

'ਸੁਆਹ ਪਾ ਕੇ ਹਟਿਆ ਤੂੰ...ਦੇ ਤਾਂ ਖੁਰਲੀਆਂ... ਆਂਏ ਤਾਂ ਸਾਂਝੀ ਵੀ ਨੀ ਕਰਦੇ।'

'ਮੈਂ ਤਾਂ ਇਸ ਤਰ੍ਹਾਂ ਹੀ ਕਰਨਾ।'

'ਇਹ ਨੀ ਮੈਂ ਪੁੱਗਣ ਦੇਣਾ...ਦੇਖ...ਦੇਖਦਾ ਕਿਵੇਂ ਮਰੇ ਵੇ ਕੱਟੇ ਮੰਗਣਾ.. ਹਰਦੂ ਲਾਹਣਤ ਤੈਨੂੰ...। ਸਭ ਪਾਸੇ ਤੋਂ ਫੇਲ੍ਹ...ਇਕ ਘੜੀ ਨੀ ਕੱਟ ਸਕਦਾ ਕਿਸੇ ਨਾਲ...।'

'ਮੈਂ ਨੀ ਕੱਟਣੀ, ਮੈਂ ਨੀ ਰਹਿਣਾ...ਜਿਹਾ ਹੁੰਦਾ ਕਰਾ ਲੋ...ਨਹੀਂ ਜੈ ਸੱਤ...ਹਾਂ...।'

'ਦੇਖ ਜੱਸੇ ਮੈਨੂੰ ਤੇਰੇ ਨਾਲ ਕੋਈ ਜ਼ਿੱਦ ਐ...।' ਉਸਨੇ ਮਸਾਂ ਹੀ ਥੋੜ੍ਹਾ ਜਿਹਾ ਗੁੱਸਾ ਜ਼ਬਤ ਕਰਕੇ ਕਿਹਾ... 'ਤੂੰ ਆਪੇ ਦੇਖ ਪਰਸੋਂ ਦੀ ਜੂਠ ਪਈ ਤੀ ਖੁਰਲੀਆਂ 'ਚ, ਤੂੰ ਦੇਖੀਆਂ ਈ ਨੀ...ਉਸੇ ਤਰ੍ਹਾਂ ਪਾ ਤੇ ਉਪਰ ਹੀ...। ਫਿਰ ਜਦ ਮੈਂ ਕਹਿੰਦਾ ਤਾਂ ਨਾਸਾਂ ਫੁਲਾਉਣ ਲੱਗ

**ਵਿਦਿਆਰਥੀਆਂ ਨੂੰ ਉਸਤਾਦਾਂ ਦੀ ਇਜ਼ਤ ਕਰਨੀ ਚਾਹੀਦੀ ਹੈ :**

ਇਹ ਖ਼ਬਰ ਹਰਿਆਨਾ ਦੇ ਇਕ ਸਕੂਲ ਦੀ ਹੈ। ਇਕ ਗ਼ਰੀਬ ਵਿਦਿਆਰਥੀ ਜਿਹੜਾ ਦਲਿਤ ਤਬਕੇ ਵਿਚੋਂ ਸੀ, ਉਹਦਾ ਸਾਈਕਲ ਸਕੂਲ ਵਿਚੋਂ ਚੋਰੀ ਹੋ ਗਿਆ। ਉਹਨੇ ਸਕੂਲ ਦੇ ਹੈੱਡ ਮਾਸਟਰ ਸਾਹਬ ਅਗੇ ਬੇਨਤੀ ਕੀਤੀ ਕਿ ਉਹ ਸਾਈਕਲ ਲਭਵਾਉਣ ਵਿਚ ਅਤੇ ਪੁਲਸ ਅਧਿਕਾਰੀਆਂ ਤਕ ਰੀਪੋਰਟ ਲਿਖਵਾਉਣ ਵਿਚ ਉਹਦੀ ਸਹਾਇਤਾ ਕਰਨ। ਹੈੱਡ ਮਾਸਟਰ ਸਾਹਬ ਨੇ ਚੋਰੀ ਨੂੰ ਇਕ ਨਿੱਜੀ ਮਾਮਲਾ ਕਰਾਰ ਦੇ ਕੇ ਉਹਦੀ ਕੋਈ ਸਹਾਇਤਾ ਕਰਨ ਤੇ ਇਨਕਾਰ ਕਰ ਦਿਤਾ। ਵਿਦਿਆਰਥੀ ਨੇ ਨਿਰਾਸ਼ ਹੋ ਕੇ ਹੈਡ ਮਾਸਟਰ ਸਾਹਬ ਦੇ ਦੱਫ਼ਤਰ ਅਗੇ ਧਰਨਾ ਦੇ ਦਿਤਾ। ਹੈਡ ਮਾੱਸਟਰ ਨੇ ਪੁਲੀਸ ਨੂੰ ਟੈਲੀਫ਼ੂਨ ਕਰਕੇ ਉਸ ਵਿਦਿਆਰਥੀ ਨੂੰ ਉਸ ਧਾਰਾ ਦੇ ਅਧੀਨ ਗ੍ਰਿਫ਼ਤਾਰ ਕਰਵਾ ਦਿਤਾ ਜਿਸਦੇ ਅਨੁਸਾਰ ਇਕ ਵਿਅਕਤੀ ਕਿਸੇ ਸਰਕਾਰੀ ਕਰਮਕਾਰੀ ਨੂੰ ਉਹ ਦੀ ਡਿਊਟੀ ਨਿਭਾਉਣ ਵਿਚ ਵਿਘਣ ਪਾਉਂਦਾ ਹੈ'। ਇਹ ਵਿਦਿਆ-ਰਥੀ ਹੁਣ ਜੇਲ ਵਿਚ ਹੈ। ਹੈਡ-ਮਾਸਟਰ ਸਾਹਿਬ ਸਵੇਰੇ ਵਿਦਿਆਰਥੀਆਂ ਦੀ ਅਸੈਂਬਲੀ ਨੂੰ ਸੰਬੋਧਨ ਕਰਦੇ ਹੋਏ ਇਹ ਆਖ ਰਹੇ ਸਨ 'ਉਸਤਾਦ ਵਿਦਿਆਰਥੀਆਂ ਦੇ ਮਾਪਿਆਂ' ਸਾਮਾਨ ਹੁੰਦੇ ਹਨ, ਵਿਦਿਆਰਥੀਆਂ ਨੂੰ ਉਹਨਾਂ ਦੀ ਇਜ਼ਤ ਕਰਨੀ ਚਾਹੀਦੀ ਹੈ। o

## ਸਰਕਾਰੀ ਅਧਿਕਾਰੀ-ਬਕਰੀ ਚੋਰ :

ਇਹ ਖ਼ਬਰ ਮਧਿਆ ਪ੍ਰਦੇਸ਼ ਦੇ ਇਕ ਇਲਾਕੇ ਦੀ ਹੈ। ਜ਼ਿਲਾ ਅਧਿਕਾਰੀਆਂ ਨੇ ਥੱਲੇ ਵਾਲੇ ਅਧਿਕਾਰੀਆਂ ਦੇ ਜ਼ਿਮੇ ਨਸਬੰਦੀ ਕੋਟਾ ਲਗਾ ਦਿਤਾ। ਜੰਗਲ ਦੇ ਮਹਿਕਮੇ ਨੇ ਆਦੀਵਾਸੀ ਬਸਤੀਆਂ ਵਿਚ ਜਾ ਕੇ ਏਲਾਨ ਕੀਤਾ ਕਿ ਨਸਬੰਦੀ ਕਰਵਾਉਣ ਵਾਲੇ ਨੂੰ ਇਕ ਇਕ ਬਕਰੀ ਇਨਾਮ ਦਿਤੀ ਜਾਏਗੀ। ਇਕ ਬਸਤੀ ਦੇ ਦਸ ਵਿਅਕਤੀਆਂ ਨੇ ਇਹ ਅਪ੍ਰੇਸ਼ਨ ਕਰਵਾਇਆ, ਪਰ ਉਹਨਾਂ ਦੇ ਹਿੱਸੇ ਦੀਆਂ ਬਕਰੀਆਂ ਅਧਿਕਾਰੀ ਆਪ ਖਾ ਗਏ। ਉਹਨਾਂ ਨੇ ਜਦੋਂ ਉਤਲੇ ਅਧਿਕਾਰੀਆਂ ਨੂੰ ਸ਼ਕਾਇਤ ਕੀਤੀ ਤਾਂ ਬਕਰੀਆਂ ਤਾਂ ਕੀ ਮਿਲਣੀਆਂ ਸਨ, ਸਗੋਂ ਉਹਨਾਂ ਵਿਰੁਧ ਕੇਸ ਦਾਇਰ ਕੀਤਾ ਗਿਆ। ਕਿ ਉਹ ਸਰਕਾਰੀ ਅਧਿਕਾਰੀਆਂ ਨੂੰ ਬਦਨਾਮ ਕਰਨ ਲਈ ਝੂਠੀਆਂ ਸ਼ਕਾਇਤਾਂ ਕਰਦੇ ਹਨ। ਪੁਲਸ ਵਾਲੇ ਉਹਨਾਂ ਨੂੰ ਗਰਿਫਤਾਰ ਕਰਨ ਆਏ। ਉਹ ਡਰਦੇ ਮਾਰੇ ਕਿਧਰੇ ਲੁੱਕ ਗਏ। ਪੁਲਸ ਵਾਲੇ ਉਹਨਾਂ ਦੇ ਘਰਾਂ ਦੀਆਂ ਬਕਰੀਆਂ, ਖੋਲਕੇ ਲੈ ਗਏ। ਬਕਰੀ ਲੈਂਦਿਆਂ ਲੈਂਦਿਆਂ ਪਹਿਲੀਆਂ ਬਕਰੀਆਂ ਵੀ ਗਵਾ ਲਈਆਂ ਵਾਲੀ ਇਸ ਖ਼ਬਰ ਵਿਚ ਭਾਵੇਂ ਇਕ ਵਿਅੰਗ ਦਾ ਅੰਸ਼ ਹੈ ਪਰ ਦੇਸ਼ ਦਾ ਨਿਜ਼ਾਮ ਕਿਸ ਤਰ੍ਹਾਂ ਲੋਕ ਦੋਖੀ ਹੈ, ਇਹ ਇਹਦੀ ਜੀਂਦੀ ਜਾਗਦੀ ਮਿਸਾਲ ਹੈ। ੦

ਪੈਂਦਾ...।'

'ਮੈਨੂੰ ਨੀ ਪਤਾ...ਮੈਨੂੰ ਨੀ ਪਤਾ...ਮੈਂ ਤਾਂ...।' ਅੱਗੋਂ ਕੁਝ ਕਹਿਣ ਤੋਂ ਪਹਿਲਾਂ ਉਹ ਬੌਂਦਲ ਗਿਆ।

'ਮੈਨੂੰ ਲੈਣੇ ਡੋਕੇ...ਅੱਧੀ ਲੰਘਗੀ...ਬਾਕੀ ਦੀ ਲੰਘ ਜਾਣੀ...ਖਾਇਓ ਸਾਲਿਓ ਧੱਕੇ...ਮੈਂ ਚੱਲਿਆਂ... ਹੂ...।' ਉਹ ਚੁੱਪ ਕਰਕੇ ਵਾੜੇ ਤੋਂ ਬਾਹਰ ਨਿਕਲ ਗਿਆ। ਪਹਿਲਾਂ ਤਾਂ ਜੱਸਾ ਘਬਰਾ ਜਿਹਾ ਗਿਆ ਕਿ ਬਾਪੂ ਕਿਧਰ ਨੂੰ ਚੱਲਿਆ...। ਫਿਰ ਜਦੋਂ ਉਸਨੇ ਘਰ ਵੱਲ ਜਾਂਦਾ ਵੇਖਿਆ...ਉਹਨੂੰ ਸ਼ਾਂਤੀ ਜਿਹੀ ਆ ਗਈ। ਤੇ ਆਪ ਲਾਗੇ ਪਏ ਮੰਜੇ ਤੇ ਘੜੰਮ ਕਰਕੇ ਡਿੱਗ ਪਿਆ।

ਘਰ ਜਾ ਕੇ ਉਸਨੇ ਵੇਖਿਆ ਕਿ ਜੱਸੇ ਦੀ ਬੀਬੀ ਰੋਟੀ ਖਾ ਰਹੀ ਹੈ। ਜ਼ੋਰ ਜ਼ੋਰ ਦੀ ਧਰਤੀ ਤੇ ਪੈਰ ਮਾਰਕੇ ਉਸਨੇ ਗੁੱਸੇ ਵਿਚ ਆ ਕੇ ਕਿਹਾ,

'ਰੋਟੀ ਝੁਲਸ ਕੇ ਚਾਹ ਫੂਕਦੀ ਧਰਦੀ...।'

'ਕਿਆ ਗੱਲ ਹੋ ਗਈ ਹੁਣ...?' ਉਸਦੀ ਬੁਰਕੀ ਜਿਵੇਂ ਸੰਘ ਵਿਚ ਹੀ ਰਹਿ ਗਈ...।

ਏਨੇ ਨੂੰ ਬਾਹਰੋਂ ਜੱਗਾ ਵੀ ਆ ਜਾਂਦਾ ਹੈ, ਜੋ ਹੁਣੇ ਵਾੜੇ ਵਿੱਚ ਜੱਸੇ ਨੂੰ ਮਿਲਕੇ ਆਇਆ ਸੀ...ਤੇ ਆਪ ਸਵੇਰ ਦਾ ਮੱਕੀ ਉਪਰ ਪੈਂਦੇ ਕਾਂਵਾਂ ਤੋਤਿਆਂ ਨੂੰ ਉਡਾ ਰਿਹਾ ਸੀ...ਹਾਹ ਹੂਹ ਕਰਦੇ ਦਾ ਉਸਦਾ ਸੰਘ ਵੀ ਬੈਠ ਗਿਆ ਸੀ...ਉਧਰੋਂ ਆਉਂਦੇ ਨੂੰ ਜੱਸੇ ਨੇ ਸਾਰੀ ਕਹਾਣੀ ਸੁਣਾ ਦਿੱਤੀ ਸੀ...

'ਬਾਪੂ ਜੀ, ਤੁਸੀਂ ਵੀ ਹੱਦ ਕਰਤੀ...ਹੁਣ ਭਲਾ ਕਿਆ ਗੱਲ ਹੋਗੀ...ਤੁਸੀਂ ਉਹੀਂ ਉਹਦੇ ਉਪਰ ਨੂੰ ਚੜ੍ਹੀ ਜਾਂਦੇ...।'

'ਮੈਂ ਉਹਦੇ ਉਪਰ ਨੂੰ ਚੜ੍ਹਦਾ...ਸ਼ਰਮ ਨੀ ਆਉਂਦੀ ਹੋਣੀ...।'

'ਤੁਸੀਂ ਉਹਨੂੰ ਭਜਾ ਕੇ ਹੱਟਣਾ ਮੈਨੂੰ ਲੱਗਦੀ...।'

'ਅੱਛਾਂ!...ਮੈਂ ਭਜਾਉਨਾ...ਕਿਉਂ ਭੌਂਕਦਾ...।'

'ਹਾਂ...ਹਾਂ...ਉਹਨੂੰ ਤੈਂ ਭਜਾਉਣਾ...।' ਜੱਗੇ ਨੂੰ ਚਿੜ੍ਹ ਜਿਹੀ ਆ ਗਈ ਸੀ।

ਉਧਰ ਵਾੜੇ ਤੋਂ ਜੱਸਾ ਵੀ ਆ ਗਿਆ ਸੀ...ਉਹ ਦਰਵਾਜ਼ੇ ਕੋਲ ਖੜ੍ਹਾ ਸਭ ਕੁਝ ਸੁਣ ਰਿਹਾ ਸੀ...। ਸੁਣ ਸੁਣਕੇ ਉਸਨੂੰ ਅੰਦਰ ਜਲੂਣ ਜਿਹੀ ਹੋ ਰਹੀ ਸੀ...ਜਿਵੇਂ ਬਾਪੂ ਜੀ ਦੀ ਬੇਇਜ਼ਤੀ ਉਸਤੋਂ ਸਹਾਰ ਨਾ ਹੁੰਦੀ ਹੋਵੇ..। ਜਦੋਂ ਬਾਪੂ ਜੀ ਜੱਗੇ ਦੀ ਕਿਸੇ ਗੱਲ ਤੇ ਦਬ ਜਾਂਦੇ ਉਸਨੂੰ ਅੰਤਾਂ ਦਾ ਕਸ਼ਟ ਹੁੰਦਾ। ਉਹ ਆਪ ਭਾਵੇਂ ਜਿੰਨਾ ਮਰਜ਼ੀ ਬੱਕ ਲੈਂਦਾ, ਪਰ ਜਦੋਂ ਘਰ ਦਾ ਕੋਈ ਹੋਰ ਜੀਅ ਬਾਪੂ ਜੀ ਤੇ ਬੀਬੀ ਨੂੰ ਔਖਾ ਬੋਲਦਾ ਤਾਂ ਉਸਦੀ ਆਤਮਾ ਤੇ ਸਿੱਧੀ ਸੱਟ ਵੱਜਦੀ...। ਹੁਣ ਜਦ ਕਿਤੇ ਸਭ ਜਾ ਕੇ ਚੁੱਪ ਹੋ ਗਏ ਤਾਂ ਕਿਤੇ ਜਾ ਕੇ ਉਹਨੂੰ ਸ਼ਾਂਤੀ ਜਿਹੀ ਆਈ। ਤੇ ਉਦੋਂ ਹੀ ਉਹ ਫਿਰ ਵਾੜੇ ਵੱਲ ਨੂੰ ਵਾਪਸ ਮੁੜ ਪਿਆ...।

ਪਰ ਥੋੜ੍ਹੀ ਦੇਰ ਬਾਅਦ ਬਖਸ਼ੀਸ਼ ਸਿੰਘ ਫਿਰ ਬੋਲਣ ਲੱਗ ਪਿਆ, "ਤੁਸੀਂ ਤਾਂ ਹੁਣ ਸਭ ਮੇਰੇ ਮਗਰ ਪੈਗੇ...ਮੈਨੂੰ ਸਮਝ ਲਿਆ ਤੁਸੀਂ ਡੰਗਰਾਂ ਦੇ ਕੋਠੇ ਵਾਲੀ ਮੱਖੀ...ਮੈਂ ਤਾਂ ਆਪੇ ਚਲਾ ਜਾਣਾ ਕਿਤੇ...ਹਾਂ...। ਪਰ ਉਹਦੀ ਅਵਾਜ਼ ਹੁਣ ਧੀਮੀ ਸੀ...ਜਿਵੇਂ ਹਾਰ ਜਾਣ ਤੋਂ ਬਾਅਦ ਕੋਈ ਆਪਣੀ ਹਾਰ ਦਾ ਜ਼ਿਕਰ ਕਰ ਰਿਹਾ ਹੋਵੇ...।

### 8

ਦਿਨ ਭਰ ਦਿਨ ਸਾਰੇ ਘਰਦੇ ਜੀਆਂ ਨੂੰ ਏਦਾਂ ਜਾਪਦਾ ਜਿਵੇਂ ਉਨ੍ਹਾਂ ਦੇ ਆਲੇ ਦੁਆਲੇ ਕੋਈ ਗੱਲਘੋਟੂ ਵਾਤਾਵਰਨ ਪਸਰਿਆ ਹੋਵੇ। ਪਿੰਡ ਦੇ ਘਸਮੈਲੇ ਕੋਠਿਆਂ ਦੇ ਬਨੇਰੇ ਬੂਹਿਆਂ ਵੱਲ ਤੱਕਦੇ ਤਾਂ ਓਪਰੇ ਪਰਾਏ ਦਿਸਦੇ...ਘਰ੍ਹਾਂ ਦੇ ਬਨੇਰੇ ਨਿਖੜਦੇ ਜਾਪਦੇ...। ਹਰ ਘਰ ਦਾ ਜੀਅ ਇਸ ਗਲਘੋਟੂ ਵਾਤਾਵਰਨ ਵਿਚ ਕੁਝ ਰਾਹਤ, ਕੁਝ ਤਸੱਲੀ ਤੇ ਹਮਦਰਦੀ ਦੀ ਲੋੜ ਮਹਿਸੂਸ ਕਰਦਾ। ਪਰ ਪਤਾ ਨਹੀਂ ਕਿਉਂ ਚਾਹੁੰਦੇ ਹੋਏ ਵੀ ਉਹ ਇਕ ਦੂਜੇ ਨੂੰ ਹਮਦਰਦੀ ਨਹੀਂ ਦੇ ਰਹੇ...। ਚਿਹਰਿਆਂ

ਤੇ ਹਾਸਿਆਂ ਨੂੰ ਤਾਂ ਜਿਵੇਂ ਗ੍ਰਹਿਣ ਲੱਗ ਗਿਆ ਸੀ। ਪਹਿਲਾਂ ਤਾਂ ਉਹਨਾਂ ਨੂੰ ਬਾਪੂ ਜੀ ਵਿਚ ਗੁੱਸਾ ਜਿਆਦਾ ਜਾਪਦਾ ਸੀ। ਪਰ ਆਹ! ਹੁਣ ਸਭਨਾਂ ਨੂੰ ਕੀ ਹੋ ਗਿਆ? ਕਈ ਵਾਰੀ ਸਾਰੇ ਦੇ ਸਾਰੇ ਛੋਟੀ ਜਿਹੀ ਗੱਲ ਪਿੱਛੇ ਨਾ ਚਾਹੁੰਦੇ ਹੋਏ ਵੀ...ਰੁਕਦੇ...ਰੁਕਦੇ...ਸੰਭਲਦੇ ਸੰਭਲਦੇ...ਵੀ ਬਹਿਸੀ ਜਾਂਦੇ। ਸੁਲਗਦੀ ਅੱਗ ਵਾਂਗ ਕਿੰਨੀ ਕਿੰਨੀ ਦੇਰ ਤੱਕ ਬੁੜ ਬੁੜ ਚੱਲਦੀ ਰਹਿੰਦੀ..।

**9**

ਸਾਰੇ ਘਰ ਦੇ ਰੇਹ ਦੀ ਟਰਾਲੀ ਭਰ ਰਹੇ ਨੇ -। ਐਤਵਾਰ ਹੋਣ ਕਰਕੇ ਅੱਜ ਦਾਰਾ ਵੀ ਆਇਆ ਹੋਇਆ ਹੈ। ਜੱਸਾ ਬੜੀ ਹਿੰਮਤ ਨਾਲ ਟੋਕਰੇ ਚੁੱਕ ਰਿਹਾ ਹੈ। ਬਖਸ਼ੀਸ਼ ਸਿੰਘ ਤਾਂ ਬੱਸ ਟੋਕਰੇ ਚੁਕਾਉਣੇ ਪਰ ਲੱਗਿਆ ਹੋਇਆ। ਗਰਮੀ ਦਾ ਮਹੀਨਾ ਉਪਰੋਂ ਰੇਹ ਦੀ ਗਰਮ ਹਵਾੜ...ਸਭ ਦਾ ਸਾਹ ਉਲਟਾ ਰਹੀ ਹੈ। ਜਦ ਕਦੇ ਗਰਮੀ ਨਾਲ ਭਿੱਜੀ ਪਿੱਠ ਪਰ ਗਰਦਨ ਕੋਲੋਂ ਰੇਹ ਪੈਂਦਾ ਤਾ ਹੋਰ ਵੀ ਕਾਣਤ ਆ ਜਾਂਦੀ...। ਕਾਫੀ ਦੇਰ ਤੋਂ ਸਭ ਚੁੱਪ ਚਾਪ ਰੇਹ ਪਾਈ ਜਾ ਰਹੇ ..।

'ਹੋਰ ਵੀ ਲਾਣੇਦਾਰੋ ਰੇਹ ਕਿੱਥੇ ਪਾਉਣ ਲੱਗ ਪੇ ਅੱਜ...।'

'ਉਹ ਬਈ ਮਲ੍ਹਾਰਾ ਸੀਆਂ...ਇੱਖ ਨੂੰ ਰੱਖਿਆ ਤਾਂ ਅਧਵਾੜ...ਸੰਨਮਾ...। ਮਖਾਂ ਹੁਣ ਵਿਹਲੇ ਪਾ ਦਈਏ...। ਫਿਰ ਬਿਜਾਈ ਵਿਚ ਵਿਹਲ ਨੀ ਮਿਲਦਾ...।' ਇਸ ਬਖਸੀਸ ਸਿੰਘ ਦੀ ਅਵਾਜ਼ ਸੀ।

'ਦੇਖ ਬਈ ਬਖਸ਼ੀਸ ਸਿਆਂ ਤੇਰਾ ਕੰਮ ਲੈਣ ਪਰ ਐ ..।'

'ਵਾਹਿਗੁਰੂ ਦਾ ਸ਼ੁਕਰ ਐ ਮਲ੍ਹਾਰਾ ਸੀਆਂ...। ਨਾਲੇ ਹੋਰ ਗੱਲ ਐ ਮਲ੍ਹਾਰਾ ਸੀਆਂ ਹੁਣ...ਆਪਣੇ ਜਮਾਨੇ ਵਿਚ ਤਾਂ ਕਰੀ ਕੁਰੀ ਜਾਂਦੇ ਤੇ...ਤੜਕੇ ਉਠਕੇ ਚਲੋ ਚਾਲ.. ਮਾਰੋ ਮਾਰ...। ਅੱਜ ਕੱਲ੍ਹ ਦੇ ਤਾਂ ਸੂਰਜ ਚੜ੍ਹੇ ਤੋਂ ਵੀ ਨੀ ਉਠਦੇ . । ਫਿਰ ਤੂੰ ਹੀ ਦੱਸ ਟਰੈਕਟਰ ਬਿਨ੍ਹਾਂ ਹੋ ਜੂ ਗੁਜ਼ਾਰਾ...।'

'ਪਰ ਸਹੁਰਾ ਮਹਿੰਗਾ ਹੀ ਬਹੁਤ ਹੋ ਗਿਆ।'

'ਮਹਿੰਗੇ ਦੀ ਵੀ ਗੱਲ ਸੁਣ.। ਹੁਣ ਜੀਹਦੇ ਕੋਲ ਹੈ ਹੀ ਪੰਜ ਕੀਲੇ, ਉਹਦਾ ਤਾਂ ਕੂੰਡਾ ਹੋਣਾ ਹੀ ਐ .. ਨਾਲੇ ਦੇਖ ਲੈ ਸੁੱਖ ਨਾਲ ਸਿਆੜ ਵੀ ਸੁਹਣੇ...ਸੱਚ ਪੁਛਦਾਂ ਇਕ ਵਾਰ ਤਾਂ ਸਾਡੀ ਵੀ ਭਿਆਂ ਕਰਾਤੀ ਸੌਹਰੇ ਨੇ...ਚਲ ਅਸੀਂ ਤਾਂ ਭਲਾ ਸੰਭਲ ਜੂੰਗੇ...।'

'ਅਸੀਂ ਵੀ ਫਿਰ ਸਲਾਹ ਕਰਦੇਂ...ਮੁੰਡੇ ਕਹੀ ਜਾਂਦੇ ..ਰੌਜ਼...।'

'ਹਾਂ...ਹਾਂ...ਜ਼ਰੂਰ ਲਉ...ਨਾਲੇ ਹੁਣ ਟਰੈਕਟਰ ਬਿਨ੍ਹਾਂ ਕਾਹਦੀ ਖੇਤੀ ਰਹਿਗੀ...ਆ ਜੀਂ ਕਿਤੇ ਸੰਝ ਨੂੰ ਸਭ ਕੁਝ ਸਮਝਾ ਦੂੰਗਾ...।'

'ਮੈਂ ਅੱਜੇ ਹੀ ਆਊਂਗਾ...।' ਇਹ ਕਹਿਕੇ ਉਹ ਅੱਗੇ ਲੰਘ ਗਿਆ।

## ਔਰਤਾਂ ਵਿਰੁੱਧ ਜ਼ੱਬਰ

1980 ਵਿਚ ਜਦੋਂ ਮਥੁਰਾ ਦਾ ਬਲਾਤਕਾਰੀ ਵਾਲਾ ਮੱਸਲਾ ਕੁਝ ਔਰਤਾਂ ਦੀਆਂ ਸੰਸਥਾਵਾਂ ਵਲੋਂ ਚੁਕਿਆ ਗਿਆ। ਤਾਂ ਸਾਰਾ ਕੌਮੀ ਪ੍ਰੈਸ ਇਸ ਮਸਲੇ ਉੱਤੇ ਅਚਾਨਕ ਜਾਗ ਪਿਆ। ਅਖ਼ਬਾਰਾਂ ਵਿਚ ਬਲਾਤਕਾਰੀ ਦੇ ਕੇਸਾਂ ਦੀਆਂ ਖ਼ਬਰਾਂ ਦਿਤੀਆਂ ਜਾਂਦੀਆਂ ਅਤੇ ਸੰਪਾਦਕੀ ਵੀ ਲਿਖੇ ਜਾਂਦੇ ਤੇ ਇਹ ਵੀ ਮੰਗ ਕੀਤੀ ਜਾਂਦੀ ਕਿ ਬਲਾਤਕਾਰ ਦੇ ਦੋਸ਼ੀਆਂ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਏ। ਪਰ ਹੁਣ ਪੰਜ ਸਾਲਾਂ ਵਿਚ ਲਗਦਾ ਹੈ ਕਿ ਬਲਾਤਕਾਰੀ ਦੀ ਖ਼ਬਰ ਨੂੰ ਇਸੇ ਤਰ੍ਹਾਂ ਹੀ ਲਿਆ ਜਾਂਦਾ ਹੈ ਜਿਸ ਤਰ੍ਹਾਂ ਕੋਈ ਸਾਈਕਲ ਦਾ ਐਕਸੀਡੈਂਟ ਹੋਇਆ ਹੋਵੇ। ਇਨਸਾਫ ਘਰਾਂ ਵਿਚ ਵੀ ਬਲਾਤਕਾਰੀ ਦੇ ਕੇਸਾਂ ਨੂੰ ਵੀ ਬਗੈਰ ਕੋਈ ਮਹੱਤਤਾ ਦੇਂਦਿਆ ਟਾਲ ਦਿਤਾ ਜਾਂਦਾ ਹੈ। ਇਸ ਦੀ ਮਿਸਾਲ ਹੁਣੇ ਹੁਣੇ ਉੜੀਸਾ ਦੀ ਹਾਈਕੋਰਟ ਦੇ ਇਕ ਫੈਸਲੇ ਤੋਂ ਮਿਲਦੀ ਹੈ। ਛੱਬੀਰਾਣੀ ਇਕ ਔਰਤ ਨੂੰ ਪਹਿਲੇ ਅਗਵਾ ਕੀਤਾ ਗਿਆ, ਫੇਰ ਉਹਦੇ ਨਾਲ ਬਲਾਤਕਾਰ ਕੀਤਾ ਗਿਆ ਅਤੇ ਬਾਅਦ ਵਿਚ ਉਹਨੂੰ ਕਤਲ ਕਰ ਦਿਤਾ ਗਿਆ। ਇਸ ਕਾਰਵਾਈ ਵਿਚ ਉਹਦੇ ਪਤੀ ਨਾਬਾ ਕਿਸ਼ੋਰ ਨੂੰ ਵੀ ਬੁਰੀ ਤਰ੍ਹਾਂ ਫੱਟੜ ਕੀਤਾ ਗਿਆ। ਥੱਲਵੀਂ ਕੋਰਟ ਨੇ ਇਸ ਜੁਰਮ ਵਿਚ ਅੱਠ ਦੋਸ਼ੀਆਂ ਨੂੰ ਸਜ਼ਾ ਦਿਤੀ ਪਰ ਹਾਈਕੋਰਟ ਨੇ ਉਹਨਾਂ ਨੂੰ ਬਰੀ ਕਰ ਦਿਤਾ ਕਿਉਂਕਿ ਬਲਾਤਕਾਰੀ ਅਤੇ ਕੱਤਲ ਦਾ ਚਸ਼ਮਦੀਦ ਗਵਾਹ ਸਿਰਫ ਨਾਬਾ ਕਿਸ਼ੋਰ ਸੀ ਅਤੇ ਉਹਦੀ ਗਵਾਹੀ ਨੂੰ ਭਰੋਸੇਯੋਗ ਨਹੀਂ ਸਮਝਿਆ ਗਿਆ ਕਿਉਂਕਿ ਉਹ ਮਰਨ ਵਾਲੀ ਔਰਤ ਦਾ ਪਤੀ ਸੀ। ਚਾਹੀਦਾ ਤਾਂ ਇਹ ਸੀ ਕਿ ਇਸ ਖਬਰ ਨੂੰ ਵਿਸ਼ੇਸ਼ ਥਾਂ ਦੇਂਦਿਆਂ ਹੋਇਆ ਕਾਨੂੰਨ ਦੀ ਇਸ ਖ਼ਾਮੀ ਉਤੇ ਉਂਗਲ ਰਖੀ ਜਾਂਦੀ ਕਿ ਜਦੋਂ ਕਿਸੇ ਔਰਤ ਨੂੰ ਅਗਵਾ ਕਰਕੇ ਕਿਸੇ ਖੁਫੀਆ ਥਾਂ ਉਹਦੇ ਨਾਲ ਬਲਾਤਕਾਰ ਕੀਤਾ ਜਾਏ। ਉਹਦਾਚਸ਼ਮਦੀਦ ਗਵਾਹ ਕੋਈ ਨਹੀਂ ਹੋ ਸਕਦਾ ਤੇ ਉਸ ਔਰਤ ਦਾ ਮਰਨ ਲਗਿਆ ਬਿਆਨ ਹੀ ਕਾਫੀ ਸਮਝਿਆ ਜਾਣਾ ਚਾਹੀਦਾ ਹੈ, ਇਸ ਕੇਸ ਨੂੰ ਇਕ ਨਿੱਕੀ ਜਿਹੀ ਖ਼ਬਰ ਦੀ ਥਾਂ ਦੇ ਕੇ ਅਖੋਂ ਪਰੋਖੇ ਕਰ ਦਿਤਾ ਗਿਆ ਹੈ। ਔਰਤਾਂ ਦੀਆਂ ਸੰਸਥਾਵਾਂ ਨੂੰ ਇਨਸਾਫ ਪਸੰਦ ਲੋਕਾਂ ਨਾਲ ਰਲਕੇ ਔਰਤਾਂ ਵਿਰੁਧ ਹੋ ਰਹੇ ਜ਼ੁਲਮਾਂ ਵਿਰੁਧ ਸੰਘਰਸ਼ ਨੂੰ ਢਿਲਿਆਂ ਨਹੀਂ ਕਰਨਾ ਚਾਹੀਦਾ।

## ਬਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਲਈ ਵੀਜ਼ਾ ਸਿੱਸਟਮ ਖਤਮ ਕੀਤਾ ਜਾਏ

9 ਅਗਸਤ, 1985 ਅੰਮ੍ਰਿਤਸਰ ਵਿਖੇ ਰਾਜ ਪੱਧਰ ਦੀ ਫਿਰਕੂ ਸੱਦਭਾਵਨਾ ਕਮੇਟੀ ਦੀ ਮੀਟਿੰਗ ਹੋਈ, ਜਿਸਦਾ ਪ੍ਰਧਾਨਗੀ ਗਵਰਨਰ ਪੰਜਾਬ ਨੇ ਕੀਤੀ ਇਸ ਮੀਟਿੰਗ ਵਿਚ ਪਹਿਲੋ ਹਰਕਿਸ਼ਨ ਸਿੰਘ ਸੁਰਜੀਤ ਅਤੇ ਫੇਰ ਗੁਰਸ਼ਰਨ ਸਿੰਘ ਨੇ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ ਕਿ ਪ੍ਰਦੇਸਾਂ ਵਿਚ ਰਹਿ ਰਹੇ ਪੰਜਾਬੀਆਂ ਨੂੰ ਪੰਜਾਬ ਵਿਚ ਦਾਖ਼ਲ ਹੋਣ ਲਈ ਵੀਜ਼ਾ ਸਿੱਸਟਮ ਫੌਰਨ ਬੰਦ ਕੀਤਾ ਜਾਏ ਤਾਂ ਜੋ ਉਹ ਲੋਕ ਪੂਰੀ ਖੁਲ੍ਹ ਨਾਲ ਪੰਜਾਬ ਵਿਚ ਆ ਜਾ ਸਕਨ ਅਤੇ ਉਹਨਾਂ ਨੂੰ ਪੰਜਾਬ ਦੀ ਹਾਲਤ ਬਾਰੇ ਪੂਰੀ ਤਰ੍ਹਾਂ ਸਹੀ ਖ਼ਬਰ ਮਿਲਦੀ ਰਹੇ। ਹੁਣੇ ਹੁਣੇ ਬਾਹਰ ਦੇ ਦੇਸ਼ਾਂ ਵਿਚ ਕੀਤੇ ਆਪਣੇ ਦੌਰੇ ਦਾ ਜ਼ਿਕਰ ਕਰਦਿਆਂ ਹੋਇਆਂ ਗੁਰਸ਼ਰਨ ਸਿੰਘ ਨੇ ਦਸਿਆ ਕਿ ਪੰਜਾਬ ਵਿਚ ਹਾਲਾਤ ਨੂੰ ਰੀਪੋਰਟ ਕਰਦੇ ਹੋਏ, ਜਦੋਂ ਉਹ ਉਥੋਂ ਦੇ ਲੋਕਾਂ ਨੂੰ ਇਹ ਦਾਦਦੇ ਸਨ ਕਿ ਪੰਜਾਬ ਵਿਚ ਹਿੰਦੂ ਅਤੇ ਸਿਖ ਸਾਧਾਰਨ ਹਾਲਤਾਂ ਵਾਕੁਨ ਰਹਿ ਰਹੇ ਹਨ ਤਾਂ ਉਹਨਾਂ ਨੂੰ ਹੈਰਾਨੀ ਹੁੰਦੀ ਸੀ ਕਿਉਂਕਿ ਕੁਝ ਅਖ਼ਬਾਰਾਂ ਨੇ ਜੋ ਉਥੇ ਛਪਦੀਆਂ ਹਨ, ਇਹ ਪ੍ਰਭਾਵ ਦਿਤਾ ਹੋਇਆ ਸੀ ਕਿ ਪੰਜਾਬ ਵਿਚ ਇਹੋ ਜਿਹੀ ਨਫ਼ਰਤ ਫੈਲ ਗਈ ਹੈ ਕਿ ਹਿੰਦੂ ਅਤੇ ਸਿੱਖ ਆਪਸ ਵਿਚ ਬੋਲਕੇ ਰਾਜ਼ੀ ਨਹੀਂ। ਵੀਜ਼ਾ ਸਿੱਸਟਮ ਹਟਾਉਣ ਨਾਲ ਪ੍ਰਦੇਸ਼ਾਂ ਵਿਚ ਵੱਸਦੇ ਪੰਜਾਬੀ ਖੁਲ੍ਹੀ ਤਰ੍ਹਾਂ ਆਪਣੇ ਘਰਾਂ ਵਿਚ ਆਉਣਗੇ ਤੇ ਉਹਨਾਂ ਵਿਚ ਫੈਲੇ ਗ਼ਲਤ ਪ੍ਰਭਾਵ ਮਿਟਣਗੇ।

'ਭਲਾਂ ਸਾਨੂੰ ਕਿਆ ਲੋੜ ਏ ਬਾਪੂ ਜੀ ਸਲਾਹ ਦੇਣ ਦੀ...।' ਦਾਰੇ ਨੇ ਪੁਛਿਆ।

'ਜਿਹੜੀ ਆਉਂਦੀ ਹਜ਼ਾਰ ਦੋ ਹਜ਼ਾਰ ਦੀ ਵਹਾਈ ਉਹ ਵੀ ਹੱਟ ਜਾਣੀ ਫਿਰ...।' ਜੱਗੇ ਨੇ ਗਿਲੇ ਵਿਚ ਆ ਕੇ ਕਿਹਾ।

'ਨਾਲੇ ਇਹੀ ਥੋੜ੍ਹਾ ਅਗਲਾ ਥਰੈਸ਼ਰ ਵੀ ਲਿਆਊ...।' ਜੱਸੇ ਨੇ ਇਕ ਹੋਰ ਛੁਪੇ ਹੋਏ ਖਤਰੇ ਤੋਂ ਜਾਣੂ ਕਰਾਇਆ।

'ਤੁਸੀਂ ਨੀ ਸਮਝੇ ਹਾਲੇ...। ਇਹਨੂੰ ਤਾਂ ਸਾਲੇ ਨੂੰ ਮੈਂ ਗੋਲਾ-ਲਾਠੀ ਦੁਆਣੀ...। ਇਹਨੇ ਹੀ ਕਿਹਾ ਤਾ ਨਾ ਠਾਣੇ ਵਿਚ ਜਾ ਕੇ, "ਬਈ ਜੀ ਉਹ ਭੂਤਰਿਆ ਫਿਰਦਾ ਹਰੇਕ ਪਰ ਨੂੰ ਡਾਂਗ ਚੁੱਕ ਲੈਂਦਾ...ਤੁਸੀਂ ਆਪ ਆਇਓ ਜੀ...।' ਜਦੋਂ ਸਾਡੀ ਲੜਾਈ ਹੋਈ ਸੀ ਉਦੋਂ'...। ਤੁਸੀਂ ਦੇਖਦੇ ਜਾਇਓ ਸਾਲੇ ਨੂੰ ਗੁੜ ਨਾਲ ਜ਼ਹਿਰ ਦਊਂ..।'

'ਦੱਸੋ ਜਦ ਸਾਡੀ ਵੀਹ ਕਿੱਲਿਆਂ ਆਲਿਆਂ ਦੀ ਭਿਆਂ ਹੋਗੀ ਇਹਦਾ ਦਸ ਕੀਲੇ ਆਲੇ ਦਾ ਜਲੂਸ ਨਿਕਲੂ ਕਿ ਨਹੀਂ...ਜਿਵੇਂ ਪਰ ਸੁੱਚੇ ਹੁਰਾਂ ਦਾ ਨਿਕ-ਲਿਆ ਤਾ...।'

'ਐਤਕੀਂ ਕਿਤੇ ਆਪਣੀ ਵਾਰੀ ਤਾਂ ਨੀ ? ਇਸ ਸੁਆਲ ਨੇ ਸਭ ਨੂੰ ਗੰਭੀਰ ਬਣਾ ਦਿੱਤਾ...ਇਕ ਦਮ ਚੁੱਪ ਛਾ ਗਈ...। ਕੰਮ ਦੀ ਰਫ਼ਤਾਰ ਵੀ ਅੱਗੇ ਨਾਲੋਂ ਅੱਧੀ ਰਹਿ ਗਈ...।

'ਉਹ ਹੌਲੀ।' ਜੱਸੇ ਦੇ ਸਿਰ 'ਚ ਟੋਕਰਾ ਐਤਕੀਂ ਜ਼ੋਰ ਦੀ ਵੱਜਿਆ ਸੀ।

'ਤੂੰ ਤਾਂ ਯਾਰ ਲੜਨ ਨੂੰ ਫਿਰਦਾ ..।' ਬਖਸ਼ੀਸ਼ ਸਿੰਘ ਨੇ ਸੁਭਾਵਕ ਜਿਹੇ ਹੀ ਕਹਿ ਦਿੱਤਾ।

'ਸਾਰਾ ਮੂੰਹ ਭਰਤਾ.. ਦੇਖ ਤਾਂ...ਥੂ...ਥੂ..।' ਟੋਕਰੀ ਵਿਚੋਂ ਰੇਹ ਫੁੜਕ ਕੇ ਉਸਦੇ ਮੂੰਹ ਵਿਚ ਜਾ ਪਿਆ...।

'ਹੋਰ ! ਇਹ ਤਾਂ ਸਾਲਾ ਕਬਾੜ ਕੰਮ ਐ...।' ਉਸਨੇ ਲੰਬਾ ਹਉਕਾ ਭਰਕੇ ਕਿਹਾ।

'ਜਮਾਂ ਹੀ ਰਹਿ ਗਿਆ ਤੂੰ ਤਾਂ, ਲਿਆ ਮੈਂ ਭਰਾਂ।' ਦਾਰੇ ਨੇ ਜੱਸੇ ਨੂੰ ਕਿਹਾ।

'ਹੋਰ ਕਿਸ ਤਰ੍ਹਾਂ ਭਰਾ...' ਉਹ ਜਿਵੇਂ ਪਹਿਲਾਂ ਹੀ ਲੜਨ ਨੂੰ ਫਿਰਦਾ ਹੋਵੇ।

'ਹਾਲੇ ਤੱਕ ਨੀ ਹਾਜ਼ਰੀ ਆਈ ਸਾਲੀ, ਦੱਸ ਵੱਜਣ ਵਾਲੇ ਹੋਗੇ।' ਜੱਗੇ ਨੇ ਵੀ ਆਪਣੇ ਮਨ ਦੀ ਹਵਾੜ ਕੱਢੀ।

'ਹੋਰ...ਇਹਨਾਂ ਦੀਆਂ ਨੀ ਗੱਲਾ ਮੁਕਦੀਆਂ... ਨਾਲੇ ਮੈਂ ਕਹਿਕੇ ਆਇਆ ਵੀ ਕਹੀ ਦੇ ਕੰਮ ਵਿਚ ਭੁੱਖ ਛੇਤੀ ਲੱਗ ਜਾਂਦੀ...ਭਾਈ ਰੋਟੀ ਛੇਤੀ ਲਿਆਇਓ ਪਰ ਕਾਹਨੂੰ ਸੁਣਦੀਆਂ...ਸਾਲੀ ਚਿਮਟੇ ਜੀ ਖ਼ਬਰੇ ਕਿਆ ਕਰੀ ਜਾਂਦੀ...।'

ਤਿੰਨੇ ਜਣਿਆਂ ਨੂੰ ਜਿਵੇਂ ਮਾਂ ਨੂੰ ਕਹੇ ਲਫਜ਼ਾਂ ਤੋਂ ਚਿੜ ਜਿਹੀ ਆਈ। ਉਹਨਾਂ ਬਾਪੂ ਵੱਲ ਅਜੀਬ ਕਿਹੇ ਢੰਗ ਨਾਲ ਵੇਖਿਆ।

'ਮੈਂ ਜਾਂਦਾ ਭਾਈ...ਫਿਰ...ਨਾਲੇ ਦੱਸਦਾ ਉਹਨੂੰ ਪਤਾ...ਹੂੰ।'

'ਰਹਿਣ ਦੇ...ਰਹਿਣ ਦੇ ਆਹ...।'' ਜੱਸੇ ਨੇ ਅਜੀਬ ਕਿਸਮ ਦੀ ਲੈਅ ਵਿਚ ਕਿਹਾ। ਉਹ ਨਹੀਂ ਚਾਹੁੰਦਾ ਸੀ ਕਿ ਬਾਪੂ ਜੀ ਘਰ ਜਾ ਕੇ ਬੀਬੀ ਨੂੰ ਗਾਲਾਂ ਕੱਢੇ। ਸਗੋਂ ਉਹ ਤਾਂ ਆਪ ਗੁੱਸੇ ਤੇ ਸ਼ਿਕਵੇ ਭਰੇ ਲਹਿਜ਼ੇ ਵਿਚ...ਰੋਟੀ ਲਈ ਆਉਂਦੀ ਬੀਬੀ ਨੂੰ ਕਹਿਣਾ ਚਾਹੁੰਦਾ ਸੀ।

'ਮਾਰ ਤੇ ਭੁੱਖੇ...ਹੁਣ ਤੱਕ ਉੱਥੇ ਮੇਰੀ ਮਕਾਣ

ਦੇਂਦੀ ਤੀ... । ਤੇ ਫਿਰ ਉਹ ਬੜੇ ਪਿਆਰ ਨਾਲ ਕਹਿੰਦੀ..., 'ਹੈ...ਚੰਦਰਾ... ।'

ਬਾਕੀ ਤਿੰਨੇ ਜਣੇ ਕਿਸੇ ਗੱਲ ਤੇ ਉੱਚੀ ਉੱਚੀ ਹੱਸ ਰਹੇ ਨੇ... । ਪਰ ਜੱਸੇ ਨੂੰ ਕੋਈ ਪਤਾ ਨਹੀਂ ਕਿ ਕੀ ਗੱਲ ਹੋਈ ਸੀ ? ਉਹ ਪੁਛਣਾ ਵੀ ਨਹੀਂ ਸੀ ਚਾਹੁੰਦਾ... ਨਾ ਉਸਨੂੰ ਹੱਸਣ ਦੀ ਕੋਈ ਖਾਹਿਸ਼ ਸੀ... । ਉਸ ਨੂੰ ਤਾਂ ਪਲ ਪਰ ਪਲ ਅੱਗਨ ਜਿਹੀ ਲੱਗਦੀ ਜਾ ਰਹੀ ਹੈ । ਜਦੋਂ ਕਹੀ ਦਾ ਟੱਕ ਮਾਰਦਾ ਤਾਂ ਗਰਮ ਹਵਾੜ੍ਹ ਉਹਨੂੰ ਹੋਰ ਚਿੜਾਉਂਦੀ...। ਉਹ ਕਾਫ਼ੀ ਦੇਰ ਤੋਂ ਚੁੱਪ ਹੈ ਜਿਵੇਂ ਕਾਲਜ ਵਿਚ ਪਹਿਲੇ ਕੁਝ ਮਹੀਨੇ ਓਪਰਾ ਓਪਰਾ ਫਿਰਦਾ ਹੁੰਦਾ ਸੀ । ਹੁਣ ਉਹ ਟੋਕਰੇ ਭਰਨੇ ਤੋਂ ਵੀ ਹਟ ਗਿਆ ਤੇ ਨਾਲ ਹੀ ਰੇਹ ਦੀ ਢੇਰੀ ਤੇ ਬੈਠ ਗਿਆ...। ਉਸ ਦਾ ਜੀਅ ਕਰਦਾ ਕਿ ਉਸ ਨੂੰ ਕੋਈ ਕਹੇ, 'ਚਲ ਵਈ ਭਰ ਟੋਕਰਾ ।' ਫਿਰ ਇਕ ਦਮ ਉਹ ਗੁੱਸੇ ਵਿਚ ਕਹੇ, 'ਕਿਉਂ ਹੁਣ ਤੱਕ ਮੈਂ ਗਧੇ ਚਾਰਦਾ ਹਾਂ । 'ਇਕ ਮਿੰਟ ਨੀ ਹੋਇਆ ਬੈਠੇ ਨੂੰ... ।' ਫਿਰ ਕੁਝ ਦੇ ਬਾਅਦ ਜਦੋਂ ਕੋਈ ਨਾ ਬੋਲਿਆ ਤਾਂ ਆਪੇ ਉਠਕੇ ਟੋਕਰੇ ਭਰਨ ਲੱਗ ਪਿਆ ।

'ਸਵਾਰਕੇ ਭਰ ਟੋਕਰਾ ਵਈ ।' ਸਭ ਤੋਂ ਵੱਡੇ ਭਾਈ ਨੇ ਕਿਹਾ ।

'ਨਾ ਹੋਰ ਮੈਂ ਇਹਦੇ ਵਿਚ ਵੜ ਜਾਵਾ ।'

'ਤੂੰ ਤਾਂ ਯਾਰ ਗਲ ਪੈਣ ਨੂੰ ਫਿਰਦਾ ।'

'ਜੱਗੇ ਤੂੰ ਹੀ ਚੁੱਪ ਕਰ ਭਾਈ...।' ਬਾਪੂ ਨੇ ਸਲਾਹ ਦਿੱਤੀ ।

'ਮੈਂ ਹੀ ਫਿਰਦਾ ਲੜਣ ਨੂੰ . ਮੈਂ ਬੰਤ ਹਾਂ ਨਾ ਉਪਰਲੇ ਵਿਹੜੇ ਆਲਾ...।' ਕਹਿੰਦਾ ਕਹਿੰਦਾ ਉਹ ਤਿਲਕ ਕੇ ਸਣੇ ਟੋਕਰੇ ਮੂੰਹ ਦੇ ਭਾਰ ਜਾ ਡਿਗਿਆ ।

'ਜੱਸੇ ਕਿਆ ਕਰਦਾ... ।' ਬਾਪੂ ਜੀ ਨੇ ਤਾਂ ਫਿਕਰ ਜਿਹੇ ਵਿਚ ਕਿਹਾ ।

'ਇਕ ਤਾਂ ਮੈਂ ਗਿਰ ਗਿਆ ਦੂਹਾ...।' ਉਹਨੇ ਪਏ ਪਏ ਨੇ ਹੀ ਕਿਹਾ... ।

'ਦੇਖਕੇ ਚੱਲ ਪੁੱਤ ਫੇਹ... ।'

'ਨਾ.. ਮੈਂ...ਅੰਨ੍ਹਾਂ... ।'

'ਬਹੁਤਾ ਨਾ ਉਏ ਮੂੰਹ ਪਾੜੀ ਜਾ ।'

'ਮੈਂ ਤਾਂ ਐਸ ਤਰ੍ਹਾਂ ਹੀ ਪਾੜੂੰਗਾ... ।'

'ਜਾ ਮਰ ਪਰ੍ਹਾਂ ਜਿਥੇ ਮਰਨਾ...ਆ.. ਜਦ ਮੰਨਦਾ ਹੀ ਨੀ... ।'

'ਕਿਉਂ ? ਮੈਂ ਕਿਉਂ ਜਾਵਾਂ...।' ਜੱਸੇ ਦੀ ਬੋਲੀ ਤੋਂ ਕੋਈ ਇਹ ਤਾਂ ਕਹਿ ਹੀ ਨਹੀਂ ਸਕਦਾ ਕਿ ਇਸ ਨੇ ਚੌਦਾਂ ਸਾਲ ਕਾਲਜ ਵਿਚ ਵੀ ਲਾਏ ਹੋਣਗੇ...ਉਹ ਵੀ ਲਾਇਕ ਬੱਚਿਆਂ ਵਾਂਗ... । ਪਰ ਇਹ ਰੁੱਖੀ ਬੋਲੀ ਉਹਦੀ ਕੁਝ ਕੁ ਮਹੀਨਿਆਂ ਤੋਂ ਹੀ ਹੋਣ ਲੱਗੀ ਹੈ... । ਕਿਸੇ ਵੱਕਤ ਇਹ ਜੀ ਤੋਂ ਬਗੈਰ ਨਹੀਂ ਸੀ ਬੋਲਦਾ ਹੁੰਦਾ... ।

## 10

ਸਾਹਮਣੇ ਬੀਬੀ ਹਾਜ਼ਰੀ ਲਈ ਆ ਰਹੀ ਹੈ—

'ਆਗੀ ਹਾਜ਼ਰੀ ।' ਕਹੀ ਛੱਡਦੇ ਦਾਰੇ ਨੇ ਕਾਫੀ ਦੇਰ ਦੀ ਚੁੱਪ ਤੋੜੀ ।

'ਅੱਛਿਆ ਅੱਛਿਆ ਆ... ਗੀ ...ਹੁਣ ।' ਬਖਸ਼ੀਸ਼ ਸਿੰਘ ਨੇ ਗੁੱਸੇ ਵਿਚ ਕਿਹਾ ।

'ਆ... ਜਾ... ਆ...ਜਾ ਹੁਣ ਪੱਟਦਾ ਤੇਰੀ ਗੁਤੜੀ ..ਹੁਣ ਤੱਕ ਉਥੇ ਆਪਣੀ...।'

ਜੱਸੇ ਨੇ ਦੇਖਿਆ ਕਿ ਸਾਹਮਣੇ ਆਉਂਦੀ ਬੀਬੀ ਦਾ ਚਿਹਰਾ ਇਕ ਦਮ ਉਤਰ ਗਿਆ । ਉਹ ਤਾਂ ਘਰ ਤੋਂ ਚਾਹ ਨਾਲ ਆਈ ਹੋਵੇਗੀ ਕਿ ਘਰਦਿਆਂ ਨੇ ਟਰਾਲੀ ਭਰ ਦਿੱਤੀ ਹੋਵੇਗੀ... । ਉਹ ਹੌਲੀ ਜਿਹੇ... ਕੁਝ ਬੋਲੀ ਵੀ...ਪਰ ਕਿਸੇ ਨੂੰ ਕੁਝ ਨਾ ਸੁਣਿਆ ਉਸਨੂੰ ਬੀਬੀ ਤੇ ਅੰਤਾਂ ਦਾ ਤਰਸ ਆਇਆ । ਪਰ ਉਹ ਬੇਵੱਸ ਜਿਹਾ ਬੈਠਾ ਕੁਝ ਨਹੀਂ ਸੀ ਕਰ ਸਕਦਾ...। ਉਂਝ ਉਸ ਨੂੰ ਬਾਪੂ ਜੀ ਤੇ ਬੜਾ ਗੁੱਸਾ ਆਇਆ ਸੀ ।

'ਨਾ ਹੁਣ ਤੱਕ ਤੇਰੇ ਬਾਪ ਐਥੇ ਭੁੱਖੇ... ।' ਉਹ ਹੱਥ ਚੁੱਕ ਕੇ ਉਸ ਦੇ ਵੱਲ ਵਧਿਆ ।

'ਭਲਾ ਲਗਾਕੇ ਦਿਖਾ ਤੂੰ ਬੀਬੀ ਨੂੰ ਹੱਥ...।' ਜੱਸਾ ਬਿਜਲੀ ਦੀ ਤਰ੍ਹਾਂ ਅੱਗੇ ਆ ਗਿਆ... ।

'ਉਹ ਤੇਰੀ ਸਾਲਿਆ ਇਹ ਹਿੰਮਤ ।'

'ਕਿਉਂ ! ਇਸ ਵਿਚਾਰੀ ਤੇ ਗੁੱਸਾ ਆਉਂਦਾ ਤੈਨੂੰ...।'

ਉਹ ਦੋਹਾਂ ਦੇ ਵਿਚਕਾਰ ਬੇਵੱਸ ਹੋ ਕੇ ਖੜ੍ਹੀ ਸੀ .. । ਉਸ ਨੂੰ ਸੁਝ ਹੀ ਨਹੀਂ ਸੀ ਰਿਹਾ ਕਿ ਕਿਸ ਨੂੰ ਕੀ ਕਹੇ । ਜੱਸਾ ਹਾਲੇ ਵੀ ਦੋਹਾਂ ਦੇ ਵਿਚਕਾਰ ਅੜਕੇ ਖੜਾ ਸੀ ।

'ਬਾਪੂ ਜੀ ਤੁਸੀਂ ਮਾੜਾ ਮੋਟਾ ਸੋਚੋ ।' ਦਾਰੇ ਨੇ ਸਮਝਾਉਣ ਦੇ ਲਹਿਜ਼ੇ ਵਿਚ ਕਿਹਾ... ।

'ਮੇਰੀ ਗੱਲ ਤਾਂ ਸੁਣੋ.. ।' ਉਹਨੂੰ ਜਿਵੇਂ ਕਹਿਣ ਦਾ ਮੌਕਾ ਮਿਲ ਗਿਆ ਸੀ...ਪਰ ਭਰੇ ਹੋਏ ਗਲੇ ਤੋਂ ਉਹ ਹੋਰ ਲਫ਼ਜ ਬਾਹਰ ਨਾ ਨਿਕਾਲ ਸਕੀ । 'ਮੇਰੀ ਗੱਲ ਤਾਂ ਸੁਣੋ ।' ਅੱਧੋਰੋਂਦੀ ਅਵਾਜ਼ ਵਿਚ ਉਸ ਨੇ ਫਿਰ ਕਿਹਾ...

'ਮੋਣੀ ਦੀ ਕੱਟੀ ਮਰਗੀ... ।'

'ਕੱਟੀ...ਮਰਗੀ... ।' ਉਸ ਨੇ ਇਕ ਦਮ ਫ਼ਿਕਰ ਬੰਦ ਹੋ ਕੇ ਪੁਛਿਆ... । ਦੂਜੇ ਹੀ ਪਲ ਉਸ ਨੂੰ ਫਿਰ ਅੰਤਾਂ ਦੀ ਖਿਝ ਆ ਗਈ, 'ਬੱਸ...ਬ...ਅ...ਬੱਸ

ਜਿਹੜੇ ਘਰਦੇ ਕਟੜੂ ਵਛੜੂ ਮਰਨ ਲੱਗ ਜਾਣ...ਸਮਝ ਲੈ ਆ ਗਏ ਮਾੜੇ ਦਿਨ... ।'

'ਹਰ ਵਕਤ ਨਾ ਮਾੜੀ ਭਾਖਿਆ ਕੱਢਿਆ ਕਰੋ ।' ਉਹ ਹੁਣ ਕੁਝ ਸੰਭਲ ਗਈ ਸੀ ।

'ਦੇ...ਲੀ...ਦੇਖ ਲੀ... । ਫਿਰ ਕਹਿਣ ਲੱਗ ਪਿਆ...ਆ...ਗਏ...ਮਾੜੇ ਦਿਨ ।

'ਬਾਪੂ ਜੀ ਤੁਸੀਂ ਖਾਹਮ-ਖਾਹ ਪੰਗੇ ਲਈ ਜਾਂਦੇ... ।' ਜੱਗੇ ਨੇ ਕਿਹਾ...

'ਇਹ ਵੀ ਬੋਲ ਪਿਆ...ਇਹਦਾ ਹਮੈਤੀ... ਹੁਣ... ।' ਗੁੱਸਾ ਉਹਨੂੰ ਫੂਕੀ ਜਾ ਰਿਹਾ ਸੀ ।

'ਚੱਲ ਹਮੈਤੀ ਹੀ ਸਹੀ...ਉ...ਹੀ ਕਰੀ ..ਜਾਂਦੇ ...ਆ... ।'

ਮੈਂ ਤਾਂ ਕਰੀਂ ਜਾਂਦਾ ਉਂ ਹੀ...ਜਾ ਭੱਜ ਜਾ ਤੂੰ ਵੀ...ਮੈਂ ਆਪੇ ਦਿਹਾੜੀਆ ਰੱਖ ਲੂੰਗਾ...ਮੈਂ ਨੀ ਤੁਹਾਡੀ ਆਸ ਪਰ... ।'

'ਚਲੇ ਜਾਂਦਾ...ਚਲੇ ਜਾਂਦਾਂ...ਹਰੇਕ ਨੂੰ ਏ... ਆ... ।' ਜਿਵੇਂ ਆਪ ਪਹਿਲਾਂ ਹੀ ਜਾਣ ਦਾ ਬਹਾਨਾ ਲੱਭ ਰਿਹਾ ਹੋਵੇ... । ਦਾਰਾ ਪਹਿਲਾਂ ਹੀ ਕੱਟੀ ਵੇਖਣ ਚਲਾ ਗਿਆ ਸੀ... ।

ਕੁਝ ਦੇਰ ਤਾਂ ਉਹ ਗੁੱਸੇ ਵਿਚ ਖੜ੍ਹਾ ਉਸ ਤਰ੍ਹਾਂ ਕੰਬੀ ਗਿਆ । ਜਿਵੇਂ ਕਿਸੇ ਬੱਚੇ ਨੂੰ ਸਾਰਾ ਪਰਿਵਾਰ ਛੱਡਕੇ ਚਲਾ ਗਿਆ ਹੋਵੇ । ਉਸ ਨੇ ਫਿਰ ਗੁੱਸੇ ਦੇ ਭਾਵ ਚੇਹਰੇ ਤੇ ਲਿਆਉਣ ਦੀ ਕੋਸ਼ਿਸ਼ ਕੀਤੀ । 'ਮੈਨੂੰ ਤਾਂ ਪਤਾ ਤਾਂ ਵੀ ਸਾਰਾ ਸਿਆਪਾ ਮੇਰੇ ਗਲ ਹੀ ਪੈਣਾ... ਵੀ ਬੇੜੀ ਅੱਧ ਵਿਚਾਲੇ ਡੁੱਬਣੀ ਏ...ਪ੍ਰੀਤਮ ਸੱਚਾ ਤਾਂ 'ਭਾਈ ਤੇਰੇ ਮੁੰਡੇ ਪੜ੍ਹੇ ਲਿਖੇ ਐ...ਤੂੰ ਖੇਤੀ ਦਾ ਢੂਹਾ ਨਾ ਮਾਰ...ਚੁੱਪ ਕਰਕੇ ਨੌਕਰੀਆਂ ਕਰਨ ਦੇ... ।'

'ਪਰ ਜੇ ਨੌਕਰੀਆਂ ਮਿਲਣ ਤਾਂ ਏ ਨਾਂ... ।' ਵਿਚ ਜੱਸੇ ਦੀ ਬੀਬੀ ਨੇ ਗੱਲ ਟੋਕੀ, ਪਰ ਉਸ ਨੇ ਕਿਸੇ ਦੀ ਨਾ ਸੁਣੀ,... 'ਜਮਾ ਸੱਚਾ ਤਾਂ ਪ੍ਰੀਤਮ...ਹੈ ਤਾਂ ਸਾਲਾ ਅਨਪੜ੍ਹ ਪਰ ਗੱਲ ਪਤੇ ਦੀ ਕਹਿ ਗਿਆ । ਜੇ ਮੈਂ ਮੰਨ ਲੈਂਦਾ ਤਾਂ ਆਹ ਠੀਕਰੇ ਪਿਆ ਦੁੱਧ ਨਾ ਹੁੰਦਾ ।' ਉਸ ਨੇ ਕੋਲ ਖੜ੍ਹੇ ਟਰੈਕਟਰ ਵੱਲ ਇਸ਼ਾਰਾ ਕਰਕੇ ਕਿਹਾ । ਫਿਰ ਕਿੰਨੀ ਦੇਰ ਚੁੱਪ ਵਰਤੀ ਰਹੀ... । ਸਭ ਦਾ ਜੀਅ ਕਰਦਾ ਸੀ ਕਿ ਕੋਈ ਇੱਕ ਦੂਜੇ ਨੂੰ ਬੁਲਾਵੇ...ਕੋਈ ਗੱਲ ਕਰੇ...ਕੁਝ ਹੌਸਲਾ ਦੇਈਏ...। ਪਰ ਕਿਸੇ ਵਿਚ ਇਕ ਦੂਜੇ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਪੈ ਰਹੀ ਜਿਵੇਂ ਡਰ ਰਹੇ ਹੋਣ ਕਿ ਜੇ ਮੈਂ ਇਹਨੂੰ ਬੁਲਾ ਲਿਆ ਤਾਂ ਇਹ ਨੇ ਇਕ ਦਮ ਮੇਰੇ ਹੀ ਗਲ ਪੈ ਜਾਣਾ...।

'ਤੂੰ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ......ਗਾੜੇ ਆ... ।' ਫਿਰ ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ...ਇਕ ਦਮ ਜੱਸੇ ਵੱਲ ਵੇਖਕੇ ਉਸ ਨੇ ਚੁੱਪ ਤੋੜੀ... ।

'ਕਿਉਂ ? ਮੇਰਾ ਨੀ ਹਿੱਸਾ.. ।'

'ਖੜ੍ਹੇ ਐ ਤੇਰੇ ਹਿੱਸੇ ਆਲੇ ਦੀ...ਹਾਲੇ ਜੰਮ ਮੁੱਕਿਆ ਨੀ.. ਵੱਡਾ ਹਿੱਸੇ ਆਲਾ... । ਖੜ੍ਹੇ ਆ ਤੇਰੀ... ।' ਉਸ ਨੇ ਕੋਲ ਪਈ ਕਹੀ ਨੂੰ ਹੱਥ ਪਾ ਲਿਆ ।

'ਨਾ ਕਿਉਂ ਤੁਹਾਡੀ ਮੱਤ ਮਾਰੀ ਗਈ ਦੋਹਾਂ ਪਿੰਡਾਂ ਦੇ ਗੱਭੇ...।'

'ਇਹ ਹੱਟ ਜਾ ਤੂੰ... ।'

'ਜੱਸੇ ਤੂੰ...ਹੀ...ਚੁੱਪ... ਕਰ ਪੁੱਤ ।' ਥਿੜਕਦੇ ਲਫ਼ਜ਼ਾਂ ਨਾਲ ਉਹ ਮਸਾਂ ਹੀ ਵਾਕ ਪੂਰਾ ਕਰ ਸਕੀ ।

ਗੁੱਸਾ ਤਾਂ ਜੱਸੇ ਨੂੰ ਹਾਲੇ ਵੀ ਸੀ...ਪਰ ਮਾਂ ਦੀ ਥਿੜਕਦੀ ਆਵਾਜ਼ ਨੇ ਜਿਵੇਂ ਖੇਰੂੰ-ਖੇਰੂੰ ਕਰ ਦਿਤਾ... ਤੇ ਉਹ ਬੁੜਬੁੜਾਉਂਦਾ ਹੋਇਆ ਉਦੋਂ ਘਰ ਨੂੰ ਚਲਾ ਪਿਆ... ।

'ਤੁਸੀਂ ਵੀ ਹੱਦ ਕਰਤੀ ।' ਉਹ ਬੜੀ ਹੌਲੀ ਤੇ ਹਮਦਰਦੀ ਦੇ ਲਹਿਜ਼ੇ ਵਿਚ ਭਰੇ ਹੋਏ ਮਨ ਨਾਲ ਬੋਲੀ ।

'ਉਹ ਮਾੜੀ ਕਿਸਮਤ...ਉਹ ਇਕ ਦਮ ਫਿਸ ਪਿਆ... ।

...ਮੈਨੂੰ ਇਹ ਦਿਨ ਦੇਖਣੇ ਪਏ...ਸਾਲੇ ਇਸੇ ਕਰਕੇ ਪਾਲੇ ਤੇ...ਔਹ ਜੱਸੇ ਘੜਸੇ ਨੂੰ ਦਿੱਲੀ ਦੱਖਣ ਤੱਕ ਚੁੱਕੀ ਫਿਰਿਆ-ਪਰੇਸ਼ਨ ਵਾਸਤੇ...ਸਾਲਾ ਬਚੂ ਜਾਂ ਤਾਂ ਹੁੰਦਾ ਤਾਂ...ਛੇਲਾ ਜਾ...ਮੈਨੂੰ ਕਿਆ ਪਤਾ ਤਾਂ ਕਿ ਮੈਨੂੰ ਇਨਾਮ ਦਊਗਾ...। ਉਹ ਬੈਠਾ ਨਿਆਣਿਆਂ ਵਾਂਗ ਕੀਰਨੇ ਪਾ ਰਿਹਾ ਸੀ ਰੋਣਾ ਤਾਂ ਉਸ ਦਾ ਜਦੋ ਨਿਕਲ ਆਇਆ ਸੀ ਜਦੋਂ ਜੱਸਾ ਸਾਹਮਣੇ ਆ ਖੜਿਆ ਸੀ ਪਰ ਬਾਪ ਵਾਲੀ ਆਕੜ ਨੇਂ ਉਹ ਨੂੰ ਰੋਣ ਨਹੀਂ ਦਿੱਤਾ ਸੀ । ਹੁਣ ਤਾਂ ਜਿਵੇਂ ਰੋਣ ਦਾ ਪਹਾੜ ਹੀ ਟੁੱਟ ਗਿਆ...ਉਹ ਰੋਈ ਜਾ ਰਿਹਾ ਸੀ...। ਉਹਨੂੰ ਇੰਨਾ ਗੁੱਸਾ ਨਹੀਂ ਸੀ ਜਿੰਨਾ ਗਿਲਾ... ਮੈਂ ਸਾਲੇ ਵਾਸਤੇ ਕਿਆ ਸੋਚਦਾ...। ਧਰਮ ਨਾਲ ਰਾਤ ਨੂੰ ਜਦ ਅੱਖ ਖੁਲ੍ਹ ਜਾਂਦੀ...ਬੱਸ ਇਹੀ ਸੋਚਦਾ ਰਹਿੰਦਾ ਕਿ ਜੱਸੇ ਦਾ ਕਿਆ ਬਣੂ...ਨਾ ਸਹੁਰੇ ਤੇ ਕੰਮ ਹੁੰਦਾ...ਨਾ ਨੌਕਰੀ ਮਿਲੀ...ਇਹਦਾ ਕਿਆ ਬਣੂ... । ਰਾਤ ਮਖਾਂ ਮੇਰੀ ਅੱਖ ਖੁਲ੍ਹਗੀ...ਬੱਸ ਇਹੀ ਫਾਕੇ ਬੰਗਾਲੇ...ਵੀ ਜੱਸੇ ਦਾ ਕਿਆ ਬਣੂ ? ਮੈਂ ਤਾਂ ਸੋਚਿਆ ਤਾਂ ਵੀ ਚਾਹੇ ਲਹੀ ਆਲਾ ਕੀਲਾ ਰਹਿਣ ਕਰਨਾ ਪਵੇ...ਸਹੁਰੇ ਨੂੰ ਨੌਕਰੀ ਜ਼ਰੂਰ ਦਿਵਾਉਣੀ...ਮੈਨੂੰ ਤਾਂ ਕਈ ਵਾਰੀ ਇਹਦੀ ਹਾਲਤ ਦੇਖਕੇ ਰੋਣਾ ਆ ਜਾਂਦਾ...ਮੈਂ ਤਾਂ ਇਹ ਸੋਚਦਾ ਇਹਨੇ ਸਹੁਰੇ ਨੇ ਇਹ ਇਨਾਮ...।' ਇਹ ਸਾਰੀ ਗੱਲ ਉਹ ਨੇ ਹਟਕੋਰੇ ਲੈਂਦੇ ਹੋਏ ਕਹੀ ਤੇ ਸਾਮ੍ਹਣੇ ਬੈਠੀ ਰਹੀ ਉਦਾਸ ਪਰੇਸ਼ਾਨ ਜੱਸੇ ਦੀ ਬੀਬੀ... ।

11

ਘਰ ਜਾ ਕੇ ਜੱਸੇ ਨੂੰ ਜਿਵੇਂ ਰੋਣੇ ਦਾ ਹੜ੍ਹ ਹੀ ਆ ਗਿਆ। ਉਹ ਜਾਂਦਾ ਹੀ ਮੰਜੇ ਤੇ ਡਿੱਗ ਪਿਆ...। ਸਰਾਹਣੇ ਵਿਚ ਸਿਰ ਦੇਈ ਬੱਸ ਰੋਈ ਜਾ ਰਿਹਾ...ਉਹ ਨੂੰ ਕੋਈ ਸਮਝ ਹੀ ਨਹੀਂ ਆ ਰਹੀ ਕਿ ਹੋ ਗਿਆ। ਜੇ ਪਲ ਕੁ ਚੁਪ ਵੀ ਕਰ ਜਾਂਦਾ ਤਾਂ ਥੋੜੀ ਦੇਰ ਬਾਅਦ ਫਿਰ ਰੋਣ ਲੱਗ ਪੈਂਦਾ...। ਉਸ ਨੂੰ ਏਦਾਂ ਜਾਪਦਾ ਜਿਵੇਂ ਕਈ ਮਹੀਨਿਆਂ ਤੋਂ ਰੋਣਾ ਅੰਦਰ ਇਕੱਠਾ ਹੋਈ ਜਾ ਰਿਹਾ ਸੀ...ਤੇ ਅੱਜ ਉਹ ਬੰਨ੍ਹ ਤੋੜਕੇ ਬਾਹਰ ਆ ਗਿਆ...। ਕਦੇ ਕਦੇ ਰੋਂਦੇ ਰੋਂਦੇ ਉਹ ਨੂੰ ਕਿ ਏਂਦਾ ਮਹਿਸੂਸ ਹੁੰਦਾ ਕਿ ਮੈਂ ਬਹੁਤ ਕੁਝ ਗੁਆ ਚੁੱਕਾ ਹਾਂ। ਫਿਰ ਉਸਦਾ ਜੀਅ ਕਰਦਾ ਕਿ ਕਿਤੇ ਦੂਰ ਲੰਘ ਜਾਵਾਂ। ਅਚਾਨਕ ਉਸ ਦੇ ਸਾਹਮਣੇ ਬੀਬੀ ਦਾ ਮਜ਼ਬੂਰ ਚੇਹਰਾ ਇਹ ਆਖਦਾ ਅੱਗੇ ਆ ਜਾਂਦਾ, 'ਜੱਸੇ ਸਾਡਾ ਵੀ ਖਿਆਲ...।' ਬੱਸ ਫਿਰ ਫਿੱਸ ਪੈਂਦਾ...। ਉਹ ਹੈਰਾਨ ਸੀ ਕਿ ਮੈਂ ਏਨੀ ਕਮਜ਼ੋਰੀ ਕਿਉਂ ਦਿਖਾ ਰਿਹਾ ਹਾਂ...। ਉਸ ਨੂੰ ਆਪਣੀ ਸਮੱਰਥਾ ਗਾਇਬ ਹੁੰਦੀ ਜਾਪਦੀ...। ਫਿਰ ਉਸ ਨੇ ਸਾਰਾ ਦਿਨ ਕੁਝ ਨਾ ਖਾਧਾ ਪੀਤਾ...। ਹਾਜ਼ਰੀ ਉਸੇ ਤਰ੍ਹਾਂ ਪੌਣੇ ਵਿਚ ਸੁੱਕਦੀ ਰਹੀ...। ਬਥੇਰਾ ਘਰਦਿਆਂ ਨੇ ਆ ਕੇ ਕਿਹਾ...। ਪਰ ਇਹਨੇ ਇਕ ਨਾ ਮੰਨੀ...।

ਸ਼ਾਮ ਨੂੰ ਉਹਨੂੰ ਬਾਪੂ ਜੀ ਦੀ ਅਵਾਜ਼ ਸੁਣੀ, 'ਉਹਨੂੰ ਵੀ ਸਹੁਰੇ ਨੂੰ ਦੇ ਦਿੰਦੇ ਕੁਛ...ਲੱਗਿਆ ਦੁੱਖ ਦੇਣ...।' ਇਹ ਲਫ਼ਜ਼ ਸੁਣਕੇ ਉਹ ਰੋਣ ਤੋਂ ਮਸਾਂ ਹੀ ਰੁਕਿਆ। ਉਹਨੂੰ ਬਾਪੂ ਜੀ ਤੇ ਇਕ ਅਜੀਬ ਕਿਸਮ ਦਾ ਤਰਸ ਆਇਆ ਸੀ । ਇਕ ਵਾਰ ਤਾਂ ਉਸਦਾ ਜੀਅ ਵੀ ਕੀਤਾ ਸੀ ਕਿ ਜਾਂਦਾ ਹੀ ਬਾਪੂ ਜੀ ਦੇ ਪੈਰਾਂ ਵਿਚ ਜਾ ਡਿੱਗਾਂ ਬੱਸ ਕੁਝ ਨਾ ਬੋਲਾਂ...ਕੁਝ ਨਾ ਕਹਾਂ.. ਬੱਸ ਡਿੱਗਿਆ ਹੀ ਰਹਾਂ...। ਪਰ ਉਸ ਤੋਂ ਇਹ ਹਿੰਮਤ ਨਾ ਹੋਈ...। ਸਾਰੀ ਰਾਤ ਉਹ ਇਕ ਪਲ ਵੀ ਨਾ ਸੌਂ ਸਕਿਆ। ਭੁੱਖ...ਭੁੱਖ ਤਾਂ ਲੱਗੀ ਸੀ...। ਪਰ ਉਹ ਕੁਝ ਖਾਣਾ ਨਹੀਂ ਸੀ ਚਾਹੁੰਦਾ..। ਆਪਣੇ ਆਪ ਨੂੰ ਕਸ਼ਟ ਦੇਣਾ ਚਾਹੁੰਦਾ ਸੀ . ਕੁਝ ਸਜ਼ਾ ਕੱਟਣੀ ਚਾਹੁੰਦਾ ਸੀ..।

ਦੂਜੀ ਸਵੇਰ ਬੀਬੀ ਫਿਰ ਚਾਹ ਲੈ ਕੇ ਆਈ। ਉਹ ਤਾਂ ਕੱਲ ਵੀ ਮਿੰਨਤਾਂ ਕਰਦੀ ਰਹੀ ਸੀ...। ਜਿੰਨੀ ਵਾਰੀ ਬੀਬੀ ਮੁੜਕੇ ਆਈ ਸੀ.. ਉਹਨੂੰ ਪਹਿਲਾਂ ਨਾਲੋਂ ਬੁੱਢੀ ਹੋਈ ਜਾਪਦੀ । ਜਿਵੇਂ ਹਰ ਚੱਕਰ ਵਿਚ ਉਹਦੀ ਉਮਰ ਘਟ ਰਹੀ ਹੋਵੇ। ਪਰ ਫਿਰ ਵੀ ਪਤਾ ਨਹੀਂ ਕਿਉਂ ਹਾਲੇ ਤੱਕ ਕੁਝ ਨਹੀਂ ਸੀ ਖਾ ਰਿਹਾ। ਏਸ ਵਾਰੀ ਬੀਬੀ ਨੇ ਉਹਨੂੰ ਫੜ੍ਹਕੇ ਬਿਠਾਲ ਹੀ ਲਿਆ...।

'ਨਾ ਮੇਰੀ ਬੱਚੀ...ਆਏਂ ਨਾ ਕਰ.. ਦੇਖ...ਮੇਰੇ ਕਿੰਨੀ ਦੇਖ...ਮੈਂ ਵੀ ਕੱਲ ਦੀ ਰੋਟੀ ਨੀ ਖਾਧੀ...ਮੇਰੇ ਕੱਲ ਦਾ ਹੀ ਹੌਲ ਪੈਂਦਾ...ਹੁਣ ਹਾਲੇ ਮਰੋੜਾ ਜਾ ਕੇ ਆਈ ..ਦੇਖ ਹੁਣ ਫਿਰ ਢਿੱਡ ਵਿਚ ਵੱਟ ਉਠ ਖੜਿਆ ਜਦ ਤੁਸੀਂ ਲੜ ਪੈਂਦੇ ਮੇਰੇ ਹੌਲ ਨਾਲ ਹੀ ਵੱਟ ਉੱਠ ਖੜ੍ਹਦਾ...ਦੇਖ ਮੇਰੇ ਪੁੱਤ...ਆਏ ਨਾ ਕਰ...ਚਲ ਪੀ ਲੈ ਚਾਹ ਦਾ ਘੁੱਟ . ਕੱਲ੍ਹ ਦਾ ਕਾਲਜਾ ਖਾਲੀ ਹੋਣਾ...।'

'ਮੈਂ ਨੀ ਪੀਣੀ ।' ਉਹਨੇ ਰੋਣਹਾਕਾ ਹੋ ਕੇ ਕਿਹਾ। ਉਹ ਏਨਾਂ ਆਪਣੀ ਮਾਂ ਨੂੰ ਉਤਰ ਦੇਣ ਲਈ ਨਹੀਂ ਸੀ ਬੋਲ ਰਿਹਾ, ਜਿੰਨਾ ਆਪਣੇ ਆਪ ਨੂੰ ਪਰਖਣ ਲਈ...।

'ਜੱਸੇ ਕਿਉਂ ਮੈਨੂੰ ਰੋਲਣ ਲੱਗੇ.. ਮੈਂ ਹੀ ਰਹਿਗੀ ਸਭਦੀਆਂ ਮਿੰਨਤਾਂ ਕਰਨ ਨੂੰ...ਹੁਣ ਤੇਰੇ ਬਾਪ ਨੂੰ ਮਨਾ ਕੇ ਆਈ...ਹੁਣ ਤੂੰ...। ਕਹਿੰਦੀ ਕਹਿੰਦੀ ਦੀਆਂ ਭੁੱਬਾਂ ਨਿਕਲ ਗਈਆਂ।

'ਚੱਲ ਮੇਰੇ ਪੁੱਤ ਪੀ ਲੈ...।' ਉਹਨੇ ਫਿਰ ਅੱਧ ਰੋਣੀ ਅਵਾਜ਼ ਵਿਚ ਕਿਹਾ।

'ਮੈਂ ਨੀ ਪੀਣੀ ਬੀਬੀ...।' ਉਸਨੇ ਹੌਲੀ ਜਿਹੇ ਆਪਣਾ ਸਿਰ ਮਾਂ ਦੇ ਪੱਟਾਂ ਤੇ ਰੱਖ ਦਿੱਤਾ ਤੇ ਨਿਆਣਿਆਂ ਵਾਂਗ ਫਿੱਸ ਪਿਆ।

'ਚੁੱਪ ਕਰ ਮੇਰੇ ਪੁੱਤ...ਏਨਾ ਨਾ ਹੌਸਲਾ ਢਾਹ... ਮੇਰੇ ਕਿੰਨੀ ਵੀ ਦੇਖ...।' ਉਹਨੇ ਵਾਕ ਮਸਾਂ ਹੀ ਪੂਰਾ ਕੀਤਾ।

ਪਰ ਉਹਨੂੰ ਤਾਂ ਮਾਂ ਦੇ ਆਂਗਨ ਵਿਚ ਅੰਤਾਂ ਦੀ ਸ਼ਾਂਤੀ ਮਿਲ ਰਹੀ ਸੀ.. ਜਿਵੇਂ ਅੱਜ ਪਹਿਲੀ ਵਾਰ ਕੋਈ ਢਾਰਸ ਮਿਲੀ ਹੋਵੇ। ਉਸ ਦਾ ਜੀ ਕਰਦਾ ਜਿਵੇਂ ਸਾਰੀ ਉਮਰ ਇਸੇ ਤਰ੍ਹਾਂ ਹੀ ਬੈਠਾ ਰਹੇ...ਬੱਸ ਬੈਠਾ ਰਹੇ .. ਸਿਰ ਪਰ ਮਾਂ ਦਾ ਹੱਥ ਹੋਵੇ.. ਬੱਸ..।

12

ਪਿਛਲੇ ਕੁਝ ਦਿਨਾਂ ਤੋਂ ਜੱਸਾ ਬਿਲਕੁਲ ਹੀ ਅੰਤਰ ਮੁਖੀ ਹੋ ਗਿਆ ਸੀ। ਪਰ ਫਿਰ ਵੀ ਉਸਦੀ ਜ਼ਿੰਦਗੀ ਸੱਟੇ ਬਜ਼ਾਰ ਦੀ ਅਫਵਾਹ ਵਾਂਗ ਇਧਰ ਉਧਰ ਭਟਕਦੀ ਰਹਿੰਦੀ...। ਕਈ ਵਾਰ ਉਹ ਸੋਚਦਾ ਕਿ ਹੁਣ ਉਹ ਕੁਝ ਵੀ ਨਹੀਂ ਬੋਲੇਗਾ . । ਪਰ ਘਰ ਦੀਆਂ ਮੂੰਹ ਅੱਡੀ ਲੋੜਾਂ ਵਿਚ ਆਪੇ ਘੜੰਮ ਕਰਕੇ ਜਾ ਡਿੱਗਦਾ...ਜਿੱਥੇ ਜਾ ਕੇ ਉਹਨੂੰ ਕੋਈ ਪਤਾ ਨਹੀਂ ਸੀ ਚਲਦਾ ਕਿ ਉਸ ਕਿੰਨਾ ਕੁ ਬੋਲ ਲਿਆ ਹੈ ਜਾਂ ਹਾਲੇ ਕਿੰਨਾ ਬੋਲਣਾ ਹੈ। ਕਈ ਵਾਰੀ ਉਸ ਦਾ ਜੀਅ ਕਰਦਾ ਕਿ ਬਾਪੂ ਜੀ ਨੂੰ ਹੌਂਸਲਾ ਦੇਵਾਂ, 'ਤੁਸੀਂ ਪਰਵਾਹ ਨਾ ਕਰੋ ਬਾਪੂ ਜੀ.. ਕੋਈ ਹੀਲਾ ਕਰਾਂਗੇ ...ਏਦਾਂ ਨੀ ਇਸ ਘਰ ਦੀ ਬੇਇਜ਼ਤੀ ਹੋਣ ਦਿੰਦੇ...।' ਕਿਉਂਕਿ ਰੇਹ ਵਾਲੇ ਦਿਨ ਤੋਂ ਉਹ ਬਾਪੂ ਜੀ ਨਾਲ ਬਿਲਕੁਲ ਨਹੀਂ ਸੀ ਬੋਲਿਆ। ਭਾਵੇਂ ਕੰਮ ਉਸੇ ਤਰ੍ਹਾਂ

ਕਰੀ ਜਾ ਰਿਹਾ ਸੀ। ਕਦੇ ਕਦੇ ਉਸਨੂੰ ਏਦਾਂ ਮਹਿਸੂਸ ਹੁੰਦੀ ਕਿ ਉਹ ਜੀਅ ਨਹੀਂ ਰਿਹਾ, ਸਗੋਂ ਜ਼ਿੰਦਗੀ ਨੂੰ ਘੜੀਸ ਘੜੀਸ ਕੇ ਉਹਦਾ ਮੂੰਹ ਮੱਥਾ ਵਿਗਾੜ ਰਿਹਾ ਹੈ। ਬੱਸ ਇਸੇ ਤਰ੍ਹਾਂ ਉਹ ਆਪਣੇ ਅਹਿਸਾਸਾਂ ਥੱਲੇ ਦੱਬਦਾ ਜਾ ਰਿਹਾ ਸੀ...। ਕੱਲ ਦਾ ਤਾਂ ਉਸਨੂੰ ਏਦਾ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹਦੇ ਅੰਦਰ ਹੌਲੀ ਹੌਲੀ ਕੋਈ ਹਨੇਰੀ ਇਕੱਠੀ ਹੋ ਰਹੀ ਹੈ। ਜਿਵੇਂ ਕਿਸੇ ਚੀਜ਼ ਨਾਲ ਉਹ ਭਰਦਾ ਹੀ ਜਾ ਰਿਹਾ ਹੈ...। ਕਈ ਵਾਰੀ ਉਸਦਾ ਜੀਅ ਕੀਤਾ ਕਿ ਕਿਸੇ ਹੋਰ ਕੋਲ ਜਾ ਕੇ ਮਨ ਦੀ ਭੜਾਸ ਕੱਢਾ। ਪਰ ਉਸਦੀ ਹਿੰਮਤ ਨਾ ਪਈ। ਹੁਣੇ ਵਾੜੇ ਤੋਂ ਆਉਂਦੇ ਨੇ ਚੁਲ੍ਹੇ ਮੋਹਰੇ ਬੈਠੀ ਬੀਬੀ ਨੂੰ ਬੜੇ ਹੀ ਅਜੀਬ ਢੰਗ ਨਾਲ ਕਿਹਾ,

'ਏ.. ਬੀਬੀ...ਕਿੰਨੇ . ਦਿਨ...ਹੋਗੇ... ਪਿੰਡ... ਵਿਚ ਕੋਈ ਮਰ੍ਹਿਆ...ਹੀ ਨੀ ..।'

'ਨਾ ਮੇਰੇ ਪੁੱਤ...ਏਹੀ ਜੀ ਭਾਖਿਆ ਨਾ ਕੱਢ...।' ਤੇ ਕਿੰਨੀ ਦੇਰ ਬੀਬੀ ਇਕੋ ਟਿੱਕ ਉਸਦੇ ਵੱਲ ਦੇਖੀ ਗਈ ਜਿਵੇਂ ਉਹਨੂੰ ਆਪਣੇ ਪੁੱਤ ਤੋਂ ਭੈ ਆ ਰਹੀ ਹੋਵੇ... ਜਿਵੇਂ ਕਿਸੇ ਮਾੜੀ ਘਟਨਾ ਨੇ ਉਹਨੂੰ ਡੰਗ ਦਿੱਤਾ ਹੋਵੇ...।

**13**

ਕੁਝ ਦਿਨਾਂ ਬਾਅਦ ਜੱਸਾ ਵੀ ਆਮ ਵਾਂਗ ਬੋਲਣ ਚੱਲਣ ਲੱਗ ਪਿਆ। ਹੁਣ ਤਾਂ ਜਿਵੇਂ ਉਹਦੀ ਇਹ ਆਦਤ ਜਿਹੀ ਬਣ ਗਈ ਸੀ। ਦੁੱਖ ਸਹਿ ਸਹਿਕੇ ਉਹਨੂੰ ਏਦਾਂ ਜਾਪਦਾ ਜਿਵੇਂ ਉਹਦੀ ਅਨੁਭਵ ਸ਼ਕਤੀ ਖ਼ਤਮ ਹੋ ਗਈ ਹੋਵੇ। ਉਧਰ ਬਾਪੂ ਜੀ ਦਾ ਵੀ ਇਹੋ ਹਾਲ ਸੀ। .

ਪਲਾਂ ਵਿਚ ਅੱਗ ਬਬੂਲਾ ਹੋ ਜਾਂਦੇ ਤੇ ਪਲਾਂ ਵਿਚ ਹੀ ਹਾਕ ਮਾਰ ਲੈਂਦੇ...'ਜੱਸੇ...ਏ...।'

ਉਧਰ ਲਾਗਦੇ ਗੁਆਂਢ ਵਿਚ ਪਰਸੋਂ ਦਾ ਪਾਠ ਧਰਾਇਆ ਹੋਇਆ ਹੈ। ਅੱਜ ਭੋਗ ਪੈਣਾ ਹੈ . । ਬਾਪੂ ਜੀ ਨੂੰ ਲਗਾਤਰ ਘੰਟਾ ਵੱਜਣ ਤੋਂ ਚਿੜ੍ਹ ਜਿਹੀ ਆਈ ਜਾਂਦੀ ਹੈ...। ਜਿਉਂ ਜਿਉਂ ਘੰਟੀ ਦੀ ਟਨ ਟਨ ਵਜਦੀ ਤਿਉਂ ਤਿਉਂ ਹੀ ਉਹਨੂੰ ਜਲਨ ਜਿਹੀ ਹੁੰਦੀ...। ਤੇ ਹੁਣ ਉਹਨੇ ਬੋਲਣਾ ਸ਼ੁਰੂ ਕਰ ਦਿੱਤਾ...

'ਨਾ ਦੇਖ ਲੋ ਟਰੈਕਟਰ ਆਲਿਆਂ ਦਾ ਇਹ ਹਾਲ ...ਘਰ ਮੱਥਾ ਟੇਕਣ ਨੂੰ ਇਕ ਰੁਪਇਆ ਨੀ...ਇਕ ਬਥੇਰਾ ਰੋਕ ਹਟਿਆ...। ਪਰ ਮੇਰੀ ਧੌਣ ਤੋੜਕੇ ਹਟੇ...।

'ਨਾ ਅਸੀਂ ਕੱਲੇ ਤਾਂ ਨੀ ਲੈ ਆਏ...ਇਹਨੂੰ...।' ਚੁੱਲ੍ਹੇ ਕੋਲ ਚਾਹ ਪੀਂਦੇ ਜੱਸੇ ਤੋਂ ਵੀ ਰਿਹਾ ਨਾ ਗਿਆ।

'ਮੈਂ.. ਮੈਂ...ਕੱਦ ਕਿਹਾ ਤਾਂ ਦੱਸ...ਤੂੰ ਹੀ ਕਹਿੰਦਾ ਤਾ ਹਮਾਰੀ ਬੇਇਜਤੀ ਹੁੰਦੀ ਹੈ ..ਜਦੋਂ ਹੋਰ ਲੋਕ ਟਰੈਕਟਰ ਲੈ ਕੇ ਲੰਘਦੇ...ਵੱਡੇ ਸਾਹਬ ਤੇ ਤੁਸੀਂ... ਰੋਟੀ ਲੱਗਗੇ ਤੇ ਨਾ ਖਾਣ...ਹੁਣ ਉਹ ਤੋਂ ਵੀ ਗਏ... ਆਏ.. ।'

'ਹੁਣ ਬੇਸ਼ੱਤ੍ਰ ਮੁੱਕਰੀ ਜਾਓ।' ਜੱਸੇ ਦੇ ਜਿਵੇਂ ਸਾਰੇ ਸਰੀਰ ਵਿਚ ਜਲਨ ਜਿਹੀ ਉੱਠ ਖੜ੍ਹੀ.. ।

'ਤੂੰ ਚੁੱਪ ਕਰ ਉਏ...ਨਹੀਂ ਭੱਜ ਜਾ ਐਥੋਂ ।'

'ਤੂੰ ਕੌਣ ਹੁੰਦਾ ਮੈਨੂੰ ਭਜਾਉਣ ਵਾਲਾ...।' ਨਾ ਚਾਹੁੰਦੇ ਹੋਏ ਵੀ ਰੋਕਦੇ ਰੋਕਦੇ ਵੀ ਉਹਦੇ ਮੂੰਹੋਂ ਇਹ ਲਫ਼ਜ਼ ਨਿਕਲ ਹੀ ਗਏ।

'ਮੈਂ.. ਹਾਂ...ਤੇਰੀ ਮਾਂ ਦਾ ਖਸਮ...ਹੋਰ ਪੁੱਛ।'

ਰਸੋਈ ਵਿਚ ਪਾਥੀਆਂ ਭੰਨਦੀ ਬੀਬੀ ਗੱਲ ਵਧਦੀ ਵੇਖਕੇ ਬੈਠਕ ਵੱਲ ਭੱਜੀ .

'ਬੱਸ ਕਰੋ ਬੱਸ ਕਰੋ...ਤੁਸੀਂ ਕਿਉਂ ਝੁਟਿਆਂ ਆਲਾ ਵੈਰ ਪਾ ਲਿਆ...।' ਥੋੜ੍ਹੀ ਦੇਰ ਚੁੱਪ ਰਹਿਕੇ ਫੇਰ ਬੋਲੀ..., 'ਲੜਾਈ ਪਾ ਕੇ ਬਹਿਗੇ...ਬਾਬੇ ਘਰ ਜਾਣਾ।'

'ਬਾਬੇ ਘਰ ਜਾਣਾ...ਉਥੈ.. ।'

'ਬਾਬੇ ਘਰ ਜਾਣਾ...ਉਥੈ ।'

ਦੋਹਾਂ ਨੇ ਗੁੱਸੇ ਵਿਚ ਇਕ ਦੂਜੇ ਦੀ ਨਕਲ ਉਤਾਰੀ . ।

ਮੈਂ ਲਿਆਉਂਦੀ ਰੁਪਈਆ...।' ਹਾਲੇ ਉਹਨੇ ਪਹਿਲਾ ਕਦਮ ਪੁੱਟਿਆ ਹੀ ਸੀ ਕਿ ਬਾਪੂ ਜੀ ਫਿਰ ਬੋਲ ਪਏ ..

'ਮੰਗਤੇ ਬਣ ਜੋ ਸਾਲਿਓ—ਇਹੀ ਕਸਰ ਰਹਿਗੀ ਤੀ...।'

'ਸਭੇ ਬਣੂਗੇ।'

'ਕਿਉਂ ? ਮੈਂ ਕਿਉਂ ਬਣਾਂ ?'

ਨਾ ਚਾਹੁੰਦੀ ਹੋਈ ਬੀਬੀ ਘਾਬਰੀ-2 ਕਾਹਲੀ-2 ਘਰ ਤੋਂ ਬਾਹਰ ਨਿਕਲ ਆਈ...ਜਿਵੇਂ...ਛੇਤੀ ਵਾਪਸ ਆ ਕੇ ਲੜਾਈ ਹਟਾਉਣੀ ਹੋਵੇ।

'ਏ ਗੁਰਦਿਆਲ ਕੁਰ ਟੁਟਿਆ ਹੋਇਆ ਰੁਪਈਆ ਤਾਂ ਦੇ ਇਕ...।' ਉਸਨੇ ਨਾਲ ਦੇ ਘਰ ਜਾ ਕੇ ਹਾਕ ਮਾਰੀ...ਬਿਨਾਂ ਕੁਝ ਪੁੱਛੇ ਗਿੱਛੇ . ।

'ਲੈ ਲੈ ਚਾਚੀ ਜੀ' ਉਹਨੇ ਨਾਲ ਲਗਦੀ ਹੀ ਉੱਤਰ ਦਿੱਤਾ।

'ਸਾਡੇ ਸਭ ਸੌ ਸੌ ਦੇ ਪਏ...ਮੈਂ ਜੱਸੇ ਦੇ ਬਾਪੂ ਜੀ ਨੂੰ ਕਿਹਾ ਵੀ ਤੁੜਾ ਲਿਆਉ . ਸੌ ਲੋੜ ਪੈ ਜਾਂਦੀ... ਪਰ...।'

'ਇਹੀ ਹਾਲ ਏ ਚਾਚੀ ਜੀ...।' ਉਸਨੇ ਰੁਪਈਆ ਫੜਾਉਂਦੇ ਹੋਏ ਕਿਹਾ। 'ਸਾਡੇ ਪਿੜ ਵਿਚ ਪਰਸੋਂ ਦੇ ਛੇ ਮਣ ਦਾਣੇ ਪਏ...ਮੁੰਨੇ ਕੋਈ ਨੀ ਲੈਣ ਜਾਂਦਾ...।

'ਕੁਝ ਨਾ ਪੁੱਛ ਬੀਬੀ...।' ਉਹਨੇ ਲੰਬਾ ਸਾਰਾ ਹਉਕਾ ਭਰਿਆ...ਤੇ ਤੇਜ਼ ਕਦਮੀ ਵਾਪਸ ਘਰ ਵੱਲ ਚੱਲ ਪਈ . ।

ਘਰ ਵੜਦੀ ਸਾਰ ਉਸਨੇ ਵੇਖਿਆ ਕਿ ਜੱਸਾ ਉੱਚੀ-2 ਬੋਲਦਾ ਆ ਰਿਹਾ ਹੈ।

'ਆਹੋ...ਆਹੋ...ਮੈਂ ਚੱਲਿਆ...।'

'ਜੱਸੇ ਮੁੜ ਆ ਪੁੱਤ ..।' ਉਹਨੇ ਕੰਬਦੀ ਅਵਾਜ਼ ਵਿਚ ਕਿਹਾ।

'ਏ...ਜਾਣ ਦੇ . ਪਰ੍ਹਾਂ...।' ਬਖਸੀਸ ਸਿੰਘ ਗੁੱਸੇ ਵਿਚ ਚੀਖਿਆ।

ਭਾਵੇਂ ਜੱਸੇ ਨੂੰ ਬਾਪੂ ਜੀ ਦੀ ਇਸ ਗੱਲ ਤੋਂ ਬੇਹੱਦ ਗੁੱਸਾ ਆਇਆ ਤੇ ਬੇਹੱਦ ਜਲਣ ਛੁੱਟੀ ਸੀ, ਪਰ ਫਿ ਵੀ ਪਤਾ ਨੀ ਅੱਜ ਵਾਰ ਵਾਰ ਉਹਦੇ ਕੰਨਾਂ ਵਿਚ ਇਹ ਲਫਜ਼ ਕਿਉਂ ਆਈ ਜਾ ਰਹੇ ਸਨ, ਜੋ ਬਾਪੂ ਜੀ ਨੇ ਇਕ ਦਿਨ ਸ਼ਰਾਬ ਪੀ ਕੇ ਕਹੇ ਸਨ।

'ਅਖੇ ਜੱਸੇ ਇਹ ਤਾਂ ਓਹੀ ਗੱਲ ਹੋਈ...ਕਿ ਕਿਸੇ ਨੇ ਹੜ੍ਹ ਜਾਂਦੇ ਰਿੱਛ ਨੂੰ ਕੰਬਲ ਸਮਝਕੇ ਪਾ ਲੀ ਜੱਫੀ... ਬਸ ਫਿਰ ਕੀ ਸੀ ਨਾ ਰਿੱਛ ਛੱਡੇ...ਨਾ ਬਾਹਰ ਨਿਕਲ ਹੋਵੇ।' o

---

**ਵਿਚਾਰ ਚਰਚਾ :**

## ਜਾਤਾਂ ਦੇ ਅਧਾਰ ਤੇ ਰੀਜ਼ਰਵੇਸ਼ਨ

ਇਸ ਵਿਸ਼ੇ ਤੇ ਅਸੀਂ ਹੇਠ ਦੋ ਲਿਖਤਾਂ ਦਾ ਸੰਖੇਪ ਰੂਪ ਦੇ ਰਹੇ ਹਾਂ। ਪਹਿਲੀ ਲਿਖਤ ਸਾਨੂੰ ਗੁਰਨਾਮ ਸਿੰਘ ਵਲੋਂ **'ਰਾਖਵਾਂ ਕਰਨ ਦੀ ਹਕੀਕਤ ਕੀ ਹੈ'** ਮਿਲੀ ਹੈ। ਦੂਸਰੀ ਲਿਖਤ ਅਸੀਂ ਜੈਕਾਰਾ ਦੇ ਅਗਸਤ ਅੰਕ ਵਿਚੋਂ ਇਕ ਲੇਖ ਦੇ ਨਿਚੋੜ ਦੇ ਰੂਪ ਵਿਚ ਲਈ ਹੈ, ਜੋ 'ਜਾਤਾਂ ਦੇ ਆਧਾਰ 'ਤੇ ਰੀਜ਼ਰਵੇਸ਼ਨ ਬਾਰੇ ਸਮਝ—ਇਨਕਲਾਬੀ ਨੁੱਕਤਾ-ਨਜ਼ਰ ਦੀ ਅਣਹੋਂਦ, ਦੇ ਨਾਂ ਥੱਲੇ ਛਪਿਆ ਹੈ। ਪਾਠਕ-ਲੇਖਕ ਫ਼ੋਰਮ ਵਿਚ ਅਸੀਂ ਇਸ ਵਿਚਾਰ ਚਰਚਾ ਨੂੰ ਜਾਰੀ ਰਖਾਂਗੇ, ਪਰ ਬੇਨਤੀ ਇਕੋ ਹੈ ਕਿ ਇਹ ਲਿਖਤਾਂ ਬੜੀਆਂ ਸੰਖੇਪ ਹੋਣ। ਕਿਸੇ ਵੀ ਮਾਸਕ ਪੱਤਰ ਵਿਚ ਛਪਣ ਵਾਲੀ ਲਿਖਤ ਦਾ ਰੂਪ ਪੈਂਫਲਿਟ ਦੀ ਸ਼ਕਲ ਵਿਚ ਛਪਣ ਵਾਲੀ ਲਿਖਤ ਤੋਂ ਵੱਖ ਹੋਣਾ ਜ਼ਰੂਰੀ ਹੈ/ਸੰਪਾਦਕ

---

### "ਰਾਖਵਾਂ ਕਰਨ" ਦੀ ਹਕੀਕਤ ਕੀ ਹੈ

ਅੱਜ ਦੇ ਭਾਰਤੀ ਸਮਾਜ ਵਿਚ,ਸੰਵਿਧਾਨ ਅਨੁਸਾਰ, ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਲਈ ਰਾਖਵਾਂ ਕਰਨ ਇਕ ਖਾਸ ਧਾਰਾ ਅਤੇ ਇਕ ਖ਼ਾਸ ਵਿਸ਼ਾ ਹੈ। ਰਾਖਵਾਂ ਕਰਨ ਇਕ ਅਜਿਹਾ ਵਰਤਾਰਾ ਹੈ ਜਿਸ ਕਾਰਨ ਸਦੀਆਂ ਤੋਂ ਦੱਬੇ ਕੁਚਲੇ ਕਰੋੜਾਂ ਲੋਕਾਂ ਨੂੰ 1932 ਦੇ ਕਮਿਊਨਲ ਅਵਾਰਡ ਤੋਂ ਬਾਅਦ ਤੇ ਫਿਰ ਭਾਰਤੀ ਸੰਵਿਧਾਨ ਦੇ ਬਣਨ ਤੋਂ ਬਾਅਦ ਵਿਦਿਆ ਪ੍ਰਾਪਤ ਕਰ ਸਕਣ ਦਾ ਮੌਕਾ, ਮਿਲਿਆ ਹੈ ਅਤੇ ਲੱਖਾਂ ਲੋਕਾਂ ਨੂੰ ਸਰਕਾਰੀ ਜਾਂ ਪ੍ਰਾਈਵੇਟ ਅਦਾਰਿਆਂ ਵਿਚ ਨੌਕਰੀਆਂ ਤੇ ਲੱਗ ਕੇ ਜੀਵਕਾ ਕਮਾਉਣ ਦਾ ਮੌਕਾ ਮਿਲਿਆ ਹੈ। ਏਸੇ ਤਰ੍ਹਾਂ ਬਹੁਤ ਸਾਰੇ ਅਛੂਤਾਂ ਤੇ ਸਛੂਤਾਂ ਨੂੰ, ਜੋ ਭਾਰਤ ਦੀ ਲੱਗ ਪੱਗ 78-80% ਆਬਾਦੀ ਹਨ (ਅਛੂਤ 25%+ਸਛੂਤ 52%) ਰਾਖਵੇਂ ਕਰਨ ਅਧੀਨ ਰਾਜ ਸਰਕਾਰਾਂ ਅਤੇ ਕੇਂਦਰੀ ਸਰਕਾਰਾਂ ਵਿਚ ਲੋਕਾਂ ਦੇ ਨੁਮਾਇੰਦੇ ਬਣਨ ਦਾ ਮੌਕਾ ਪ੍ਰਾਪਤ ਹੋਇਆ ਹੈ। ਰਾਖਵੇਂ ਕਰਨ ਅਧੀਨ ਹੀ ਬਹੁਤ ਸਾਰੇ ਅਛੂਤ-ਸਛੂਤ ਤਰੱਕੀਆਂ ਕਰਕੇ, ਸਰਕਾਰੀ ਸੇਵਾਵਾਂ ਦੇ ਸਿਖਰ ਤੀਕ ਪਹੁੰਚੇ ਹਨ। ਜੋ ਬ੍ਰਾਹਮਣੀ ਢਾਂਚੇ ਲਈ ਅੱਜ ਖ਼ਤਰਾ ਮਹਿਸੂਸ ਕੀਤੇ ਜਾ ਰਹੇ ਹਨ।

ਇਹ ਰਾਖਵਾਂ ਕਰਨ ਬਾਬਾ ਸਾਹਿਬ ਡਾ: ਅੰਬੇਦਕਰ ਦੇ ਜੀਵਨ ਭਰਦੇ ਸਿਰਤੋੜ ਸੰਘਰਸ਼ ਦਾ ਸਿੱਟਾ ਹੈ। ਦਰੁਸਤ ਸੇਧ ਦਾ ਸਿੱਟਾ ਹੈ। ਭਾਵ 1932 ਵਿਚ ਅੰਗਰੇਜ਼ ਸਰਕਾਰ ਕੋਲੋਂ ਉਹਨਾਂ ਨੇ ਆਪਣੇ ਅਛੂਤ ਭਰਾਵਾਂ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰ ਲਏ ਸਨ, ਜਿਵੇਂ, ਪੜ੍ਹ ਸਕਣਾ, ਨੌਕਰੀ ਲੈ ਸਕਣਾ, ਪ੍ਰਤੀਨਿਧ ਬਣ ਸਕਣਾ, ਵੋਟ ਪਾ ਸਕਣਾ ਆਦਿ। ਇਹ ਅਧਿਕਾਰ, ਰਾਖਵਾਂ ਕਰਨ ਨਾਂ ਅਧੀਨ ਪ੍ਰਾਪਤ ਕੀਤੇ ਗਏ ਜਿਸ ਦਾ ਭਾਵ ਅਛੂਤਾਂ ਨੂੰ ਆਬਾਦੀ ਦੇ ਅਨੁਪਾਤ ਅਨੁਸਾਰ ਸੀਟਾਂ ਤੇ 'ਰਾਖਵਾਂ ਕਰਨ' ਦੇਣਾ ਤਾਂ ਕਿ ਸਭ ਕੁਝ ਗੁਆ ਚੁੱਕੇ ਲੋਕ ਕਾਨੂੰਨੀ ਧਾਰਾਵਾਂ ਅਧੀਨ ਤਰੱਕੀ ਕਰ ਸਕਣ। ਤੇ ਆਪਣਾ ਪਸ਼ੂਆਂ ਵਾਲਾ ਜੀਵਨ ਮਿਆਰ ਬਦਲ ਸਕਣ ਆਪਣੇ ਸਮਾਜ ਦੀ ਬੁਰੀ ਹਾਲਤ ਬਾਰੇ ਫਿਕਰਮੰਦ ਹੋ ਸਕਣ ਤੇ ਉਸਦੀ ਤਰੱਕੀ ਲਈ ਅਵਾਜ਼ ਬੁਲੰਦ ਕਰ ਸਕਣ। ਸਿੱਟੇ ਵਜੋਂ ਹਜ਼ਾਰਾਂ ਐਮ. ਐਲ. ਏ. ਤੇ ਹਜ਼ਾਰਾਂ ਐਮ. ਪੀ. ਪੈਦਾ ਹੋਏ। ਲੱਖਾਂ ਮੁਲਾਜ਼ਮ ਲੱਗੇ। ਲੱਗ ਪੱਗ $1\frac{1}{2}$% ਲੋਕ ਪੜ੍ਹ ਸਕੇ। ਲੋਕਾਚਾਰੀ ਵਿਚ ਆਪਣੀ ਥਾਂ ਬਣਾ ਸਕੇ। ਕਈ ਖੇਤਰਾਂ ਵਿਚ ਤਰੱਕੀ ਕਰ ਸਕੇ। ਕੁਝ ਲੋਕ ਚੇਤੰਨ ਹੋ ਸਕੇ।

ਇਸ ਦੇ ਨਾਲ ਨਾਲ ਅੱਜ ਭਾਰਤ ਦਾ ਸਵਰਨ ਸਮਾਜ ਇਸ ਤਰਫ ਵਧ ਰਿਹਾ ਹੈ ਕਿ ਜਿੰਨੀ ਜਲਦੀ ਹੋ ਸਕਦਾ ਹੈ, ਕਨੂੰਨਾਂ ਰਾਹੀਂ, ਅਦਾਲਤੀ ਫ਼ੈਸਲਿਆਂ ਰਾਹੀਂ, ਝੂਠੇ ਕਾਗਜ਼ਾਂ ਰਾਹੀਂ, ਘੱਪਲਿਆਂ ਰਾਹੀਂ, ਚਿੱਠੀਆਂ ਰਾਹੀਂ ਜਾਂ ਜ਼ਬਾਨੀ ਕਲਾਮੀਂ, 'ਰਾਖਵੇਂ ਕਰਨ' ਵਿਰੋਧੀ ਅੰਦੋਲਨ ਚਲਾਕੇ ਦੰਗੇ ਕਰਵਾ ਕੇ, 'ਰਾਖਵਾਂ ਕਰਨ' ਵਧਾ ਕੇ, ਵੋਟਾਂ ਬਟੋਰ ਕੇ, ਪੁਆੜੇ ਪੁਆਕੇ, ਅਨੇਕ ਲੋਕਾਂ

ਨੂੰ ਮਰਵਾਕੇ, 'ਰਾਖਵਾਂ ਕਰਨ' ਖ਼ਤਮ ਕਰਨ ਦੇ ਯਤਨ ਜਾਰੀ ਹਨ ਤੇ ਇਹ ਯਤਨੇ ਤੇਜ਼ੀ ਨਾਲ ਵਧ ਰਹੇ ਹਨ। ਰਾਜ ਤੇ ਕੇਂਦਰੀ ਸਰਕਾਰਾਂ ਅਜਿਹੇ ਅੰਦੋਲਨਾਂ ਨੂੰ ਸ਼ਹਿ ਦੇ ਕੇ ਚਲਾ ਰਹੀਆਂ ਹਨ ਅਤੇ ਆਪਣੀ ਰਾਜਸੀ ਤਾਕਤ ਆਪਣੇ ਹੱਥਾਂ ਵਿਚ ਜਕੜੀ ਰੱਖਣ ਵਿਚ ਕਾਮਯਾਬ ਹੋ ਰਹੀਆਂ ਹਨ ਕਿਉਂਕਿ ਸਦੀਆਂ ਤੋਂ ਗੁਲਾਮ, ਅਨਪੜ੍ਹ ਸਮਾਜ ਤੇ ਪੜ੍ਹਿਆ ਲਿਖਿਆ ਸਮਾਜ ਵੀ ਨਿੱਤ ਹੁੰਦੇ ਧੋਖੇ ਨੂੰ ਸਮਝ ਨਹੀਂ ਸਕਿਆ ਹੈ।

ਪਰੰਤੂ ਸੁਆਲ ਇਹ ਹੈ ਕਿ ਰਾਖਵਾਂ ਕਰਨ ਅਸਲ ਵਿਚ ਹੈ ਕੀ। ਜਿਸ ਬਾਰੇ ਭਾਰਤ ਦੇ ਬਹੁਜਨ ਸਮਾਜ ਨੇ ਕਦੀ ਸੋਚਣ ਦੀ ਵਿਹਲ ਵੀ ਨਹੀਂ ਕੱਢੀ। ਜੋ ਅਰਥ ਮਨੂੰਵਾਦੀ ਢਾਂਚਾ ਦੇ ਰਿਹਾ ਹੈ ਉਸ ਨੂੰ ਸੱਤ ਕਰਕੇ ਮੰਨਿਆ ਜਾ ਰਿਹਾ ਹੈ।

ਸਰਲ ਅਰਥਾਂ ਵਿਚ 'ਰਾਖਵਾਂ ਕਰਨ' ਦਾ ਅਰਥ ਬਣਦਾ ਹੈ ਕਿ ਕਿਸੇ ਇਕ ਫਿਰਕੇ ਜਾਂ ਕੁਝ ਖਾਸ ਫਿਰਕਿਆਂ ਨੂੰ ਜਿਉਣ ਦੇ ਮਨੁੱਖੀ ਅਧਿਕਾਰਾਂ ਵਿਚੋਂ ਕੁਝ ਅਧਿਕਾਰ ਕਨੂੰਨੀ ਤੌਰ ਤੇ, ਧਾਰਮਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਨੀਤਕ ਤੌਰ ਤੇ ਜਾਂ ਆਰਥਕ ਤੌਰ ਤੇ ਰਾਖਵੇਂ ਕਰ ਦੇਣਾ। ਭਾਵੇਂ ਉਹਨਾਂ ਦੀ ਅਬਾਦੀ ਅਨੁਸਾਰ ਅਧਿਕਾਰਾਂ ਦੇ ਅਨੁਪਾਤਕ ਹੱਕ ਰਾਖਵੇਂ ਕਰ ਦੇਣਾ ਤਾਂ ਕਿ ਕੋਈ ਹੋਰ ਇਹ ਅਧਿਕਾਰ ਮਾਰ ਨਾ ਸਕੇ, ਖੋਹ ਨਾ ਸਕੇ, ਬਟੋਰ ਨਾ ਸਕੇ।

ਪਰੰਤੂ ਹਕੀਕਤ ਇਹ ਹੈ ਕਿ ਮਨੁੱਖੀ ਜ਼ਿੰਦਗੀ ਦੇ ਸਮੁੱਚੇ ਅਧਿਕਾਰ ਤਾਂ ਹਿੰਦੂ ਆਰੀਅਨ ਲੋਕਾਂ ਨੇ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਬਣਕੇ, ਆਪਣੇ ਲਈ ਹਜ਼ਾਰਾਂ ਸਾਲ ਪਹਿਲਾਂ ਹੀ ਰਾਖਵੇਂ ਕਰ ਲਏ ਸਨ ਤੇ ਸ਼ੂਦਰ ਨੂੰ (ਆਦਿ ਵਾਸੀ ਭਾਰਤੀ ਲੋਕ, ਜੋ ਅੱਜ 85% ਹਨ) ਇਹਨਾਂ ਅਧਿਕਾਰਾਂ ਤੋਂ ਸਦਾ ਸਦਾ ਲਈ ਵਾਂਝਾ ਕਰ ਦਿੱਤਾ ਸੀ।

ਇਸ ਸਮੁੱਚੇ ਰਾਖਵੇਂ ਕਰਨ ਸਬੰਧੀ ਹਿੰਦੂ ਧਾਰਮਕ ਗ੍ਰੰਥ ਜੀਂਦੇ ਜਾਗਦੇ ਸਬੂਤ ਹਨ। ਜਿਨ੍ਹਾਂ ਮੁਤਾਬਿਕ ਬ੍ਰਾਹਮਣ ਲਈ ਵਿਦਿਆ, ਰਾਜਭਾਗ ਅਤੇ ਪੂਜਾ ਦਾ ਮੁਕੰਮਲ ਅਧਿਕਾਰ ਰਾਖਵਾਂ ਕੀਤਾ ਗਿਆ ਤੇ ਸਰਵ ਸ੍ਰੇਸ਼ਟਾ ਸਿਰਫ ਬ੍ਰਾਹਮਣ ਨੂੰ ਹੀ ਪ੍ਰਦਾਨ ਕੀਤੀ ਗਈ। ਇਥੋਂ ਤੀਕ ਕਿ ਇਕ ਮੂਰਖ ਬ੍ਰਾਹਮਣ ਨੂੰ ਵੀ ਪੂਜਣਯੋਗ ਕਰਾਰ ਦਿਤਾ ਗਿਆ। ਸਮੁਚੇ ਧਨ ਮਾਲ ਦਾ ਮਾਲਕ ਵੀ ਬ੍ਰਾਹਮਣ ਨੂੰ ਹੀ ਥਾਪਿਆ ਗਿਆ। ਕਨੂੰਨ ਦੀ ਤਾਕਤ ਦਾ ਰਾਖਵਾਂਕਰਨ ਵੀ ਬ੍ਰਾਹਮਣ ਨੂੰ ਸੌਂਪਿਆ ਗਿਆ।

ਹਿੰਦੂ ਧਾਰਮਕ ਪੁਸਤਕਾਂ ਦੇ ਹਵਾਲੇ ਸਪਸ਼ਟ ਕਰਦੇ ਹਨ ਕਿ ਬ੍ਰਾਹਮਣੀ ਢਾਂਚੇ ਨੇ, ਆਰੀਆ ਦਾ ਮੁਕੰਮਲ ਬੋਲ ਬਾਲਾ ਪੈਦਾ ਕਰਨ ਲਈ ਬ੍ਰਾਹਮਣਾਂ ਨੂੰ ਤਾਂ ਜੀਵਨ ਦੇ ਸਾਰੇ ਅਧਿਕਾਰ ਰਾਖਵੇਂ ਕਰ ਦਿੱਤੇ ਤੇ ਲੋੜ ਅਨੁਸਾਰ ਤਾਕਤ ਅਤੇ ਵਪਾਰ ਜਾਂ ਜ਼ਮੀਨ ਦੇ ਬਾਕੀ ਅਧਿਕਾਰ ਕਸ਼ੱਤਰੀ ਅਤੇ ਵੈਸ਼ ਦੀ ਪੂੰਜੀ ਬਣਾ ਦਿਤੇ। ਦੂਜੇ ਪਾਸੇ ਵਿਸ਼ਾਲ ਭਾਰਤੀ ਆਦਿ ਵਾਸੀ ਜੰਤਾ ਨੂੰ ਸ਼ੂਦਰ ਭਾਵ ਪੈਰਾਂ ਤੋਂ ਪੈਦਾ ਹੋਇਆ, ਭਾਵ ਨੀਚ ਬਣਾ ਕੇ ਆਪਣੀ ਸੇਵਾ ਲਈ ਜੁਟਾ ਲਿਆ ਤੇ ਉਸਨੂੰ ਹਮੇਸ਼ਾ ਹਮੇਸ਼ਾ ਲਈ ਨਿਹੱਥੇ ਕਰਕੇ ਅਤੇ ਜੀਵਨ ਦੇ ਸਾਰੇ ਬੁਨਿਆਦੀ ਅਧਿਕਾਰ ਖੋਹ ਲਏ।

ਮੁਗਲ ਸਾਮਰਾਜ ਰਿਹਾ, ਅੰਗਰੇਜ਼ ਸਾਮਰਾਜ ਰਿਹਾ, ਪਰੰਤੂ ਬ੍ਰਾਹਮਣੀ ਪ੍ਰਭੂਤਵ ਅਧਿਕਾਰਾਂ ਵਿਚ ਕੋਈ ਤਬਦੀਲੀ ਨਹੀਂ ਆਈ। ਸਦੀਆਂ ਬਾਦ ਪਹਿਲੀ ਵਾਰ 1848 ਵਿਚ ਇਕ ਮਰਾਠੀ ਸੈਣੀ ਸ਼ੂਦਰ ਮਰਾਠਾ ਸ਼ੂਦਰ ਰਾਜ ਸਮੇਂ, ਮਹਾਤਮਾ ਜੋਤੀ ਰਾਓ ਫੂਲੇ ਨੇ ਦਸਵੀਂ ਜਮਾਤ ਪਾਸ ਕੀਤੀ ਤੇ ਉਸ ਦੀ ਪਤਨੀ ਸਵਿਤਰੀ ਬਾਈ ਭਾਰਤ ਦੀ ਪਹਿਲੀ ਔਰਤ ਸੀ ਜੋ ਬ੍ਰਾਹਮਣੀ ਅਧਿਕਾਰਾਂ ਨੂੰ ਚੈਲਿੰਜ ਕਰਕੇ ਪੜ੍ਹ ਸਕੀ ਤੇ ਜਿਸ ਨੇ ਸ਼ੂਦਰ ਔਰਤਾਂ ਤੇ ਮਰਦਾਂ ਲਈ ਪਹਿਲਾ ਸਕੂਲ ਚਲਾਇਆ। ਸਿਟੇ ਵਜੋਂ ਬ੍ਰਾਹਮਣੀ ਵਰਤਾਰੇ ਅਨੁਸਾਰ ਸੈਣੀ ਜਾਤ ਨੇ ਇਸ ਪਰਵਾਰ ਦਾ 100 ਸਾਲ ਦੇ ਕਰੀਬ ਹੁੱਕਾ ਪਾਣੀ ਤਿਆਗੀ ਰੱਖਿਆ।

ਮਰਾਠਾ ਰਾਜ ਸਮੇਂ ਹੀ ਡਾਕਟਰ ਅੰਬੇਦਕਰ, ਮਹਾਰਾਜਾ ਸ਼ੀਮਾਂ ਜੀ ਦੀ ਵਜ਼ੀਫ਼ਾ ਸਹਾਇਤਾ ਨਾਲ ਪੜ੍ਹ ਸਕੇ। ਅੰਗਰੇਜ਼ ਰਾਜ ਵਿਚ ਬਦੇਸ਼ੀ ਵਿਦਿਆ ਪ੍ਰਾਪਤ ਕਰ ਸਕੇ। 1915 ਤੋਂ ਸ਼ੁਰੂ ਕੀਤੇ ਸੰਘਰਸ਼ ਦਾ ਸਿੱਟਾ ਅੰਤ 1932 'ਚ ਨਿਕਲਿਆ। ਜਦੋਂ ਸਦੀਆਂ ਤੋਂ ਖੁਸੇ ਅਧਿਕਾਰ ਮੁੜ ਅੰਗਰੇਜ਼ੀ ਸਰਕਾਰ ਕੋਲੋਂ ਪ੍ਰਾਪਤ ਕਰ ਸਕਣ ਵਿਚ ਕਾਮਯਾਬ ਹੋ ਸਕੇ। ਇਹ ਉਹ ਮਹਾਨ ਮੋੜ ਸੀ ਜਦੋਂ ਇਕ ਪਾਸੇ ਮਹਾਤਮਾਂ ਗਾਂਧੀ ਦੀ ਅਗਵਾਈ ਹੇਠ ਸਾਰੀ ਕਾਂਗਰਸ ਸਾਰੇ ਬ੍ਰਾਹਮਣ ਕਸ਼ੱਤਰੀ ਤੇ ਵੈਸ਼ (ਏਥੋਂ ਤੀਕ ਕਿ ਕਾਂਗਰਸ ਦਾ ਵਿਕਾਊ ਮਾਲ ਜਗਜੀਵਨ ਰਾਮ ਤੇ ਸ: ਪਟੇਲ ਵਰਗੇ ਵੀ) ਇਹਨਾਂ ਅਛੂਤਾਂ ਨੂੰ ਮਿਲੇ ਅਧਿਕਾਰਾਂ ਦੇ ਖਿਲਾਫ਼ ਸੰਘਰਸ਼ ਵਿਚ ਕੁੱਦ ਪਏ ਸਨ ਤੇ ਦੂਜੇ ਪਾਸੇ ਡਾਕਟਰ ਅੰਬੇਦਕਰ ਤੇ ਬਾਬੂ ਮੰਗੂ ਰਾਮ ਆਦਿ ਧਰਮੀ ਵਰਗੇ ਆਪਣੇ ਲੋਕਾਂ ਲਈ ਲੜ ਮਰ ਰਹੇ ਸਨ। ਹਿੰਦੂ ਤੇ ਹਰੀਜਨ ਸਮਾਜ ਵਲੋਂ ਪੈਦਾ ਕਰ ਦਿਤੇ ਗਏ ਅਤੀ ਦੁਖਦਾਈ ਹਾਲਤਾਂ ਦੇ ਨਤੀਜੇ ਵਜੋਂ ਪੂਨਾ-ਪੈਕਟ ਹੋਇਆ ਤੇ ਅਛੂਤਾਂ ਲਈ ਕੁਝ ਅਧਿਕਾਰ ਅਬਾਦੀ ਦੇ ਅਨੁਪਾਤ ਅਨੁਸਾਰ 'ਰਾਖਵੇਂ' ਕਰ ਦਿਤੇ ਗਏ ਜੋ 1935 ਦੇ ਐਕਟ 'ਚ ਸ਼ਾਮਲ ਹੋਏ ਤੇ ਫਿਰ ਡਾ: ਅੰਬੇਦਕਰ ਦੀ ਕਲਮ ਨੇ ਭਾਰਤੀ ਸੰਵਿਧਾਨ ਵਿਚ ਦਰਜ ਕਰ ਦਿਤੇ। ਜਿਸ ਦੇ ਕਾਰਨ ਅੱਜ ਅਛੂਤ ਸ਼ੂਦਰ ਪੜ੍ਹੇ ਹਨ, ਪੜ੍ਹ ਰਹੇ ਹਨ, ਨੌਕਰੀਆਂ

ਲੈ ਗਏ ਹਨ, ਤਰੱਕੀ ਕਰ ਰਹੇ ਹਨ, ਐਮ. ਐਲ. ਏ. ਐਮ. ਪੀ; ਮੰਤਰੀ, ਉਪ ਪ੍ਰਧਾਨ ਮੰਤਰੀ ਬਣ ਰਹੇ ਹਨ। ਰਾਸ਼ਟਰਪਤੀ ਬਣ ਰਹੇ ਹਨ ਮੁੱਖ ਮੰਤਰੀ ਬਣ ਰਹੇ ਹਨ।

ਮੈਂ ਇਸ ਨਤੀਜੇ ਤੇ ਪਹੁੰਚਣਾ ਚਾਹੁੰਦਾ ਹਾਂ ਕਿ ਅਛੂਤਾਂ-ਸ਼ੂਦਰਾਂ ਦਾਂ 'ਰਾਖਵਾਂ ਕਰਨ' ਕੋਈ ਵਖਰੇ ਅਧਿਕਾਰ ਨਹੀਂ ਸਗੋਂ ਇਹ ਤਾਂ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ, ਕੁਸ਼ੱਤਰੀ (ਬਣੀਆਂ) ਅਤੇ ਵੈਸ਼ (ਠਾਕਰ ਆਦਿ) ਰਾਜਿਆਂ, ਧਨ ਕੁਬੇਰਾਂ ਤੋਂ ਵੱਡੇ ਜ਼ਿਮੀਦਾਰਾਂ ਦੇ ਰਾਖਵੇਂ ਕੀਤੇ ਗਏ ਅਧਿਕਾਰਾਂ ਦੇ ਲੋਹੇ ਜੜੇ ਜਾਲ ਨੂੰ ਤੋੜਨਾ ਹੈ ਤੇ ਤੋੜਕੇ ਇਹਨਾਂ ਕਬਜ਼ੇ 'ਚ ਕੀਤੇ ਉਚੀਆਂ ਜਾਤਾਂ ਦੇ ਅਧਿਕਾਰਾਂ ਨੂੰ ਬਾਕੀ 85% ਸ਼ੂਦਰ ਜਨਤਾ ਵਿਚ ਬਰਾਬਰ ਵੰਡਣਾ ਹੈ। ਤਾਂ ਕਿ ਰਾਖਵਾਂ ਕਰਨ ਦੀ ਥਾਂ ਸਮਾਜੀ ਕਰਨ ਹੋ ਸਕੇ ਤਾਂ ਕਿ ਜੀਵਨ ਦੇ ਬੁਨਿਆਦੀ ਅਧਿਕਾਰਾਂ ਨੂੰ ਹਰ ਮਨੁੱਖ ਬਰਾਬਰ ਮਾਣ ਸਕੇ।

ਜੇ ਅੱਜ 'ਰਾਖਵੇਂ ਕਰਨ' ਦੇ ਖਿਲਾਫ਼ ਭਾਰਤ ਦੀ ਹਿੰਦੂ ਸਰਕਾਰ ਦੀ, ਭਾਰਤ ਦੇ ਹਿੰਦੂ ਲੋਕਾਂ ਦੀ, ਭਾਰਤ ਦੇ ਉਚ ਜਾਤੀਏ ਲੋਕਾਂ ਦੀ ਕੋਈ ਲੜਾਈ ਹੈ ਤਾਂ ਉਹ ਇਹ ਹੈ ਕਿ ਡਾ: ਅੰਬੇਦਕਰ ਦੁਆਰਾ ਪ੍ਰਾਪਤ ਕੀਤੇ ਮਨੁੱਖੀ ਬੁਨਿਆਦੀ ਅਧਿਕਾਰਾਂ ਦੇ ਰਾਖਵੇਂ ਕਰਨ ਨੇ ਬ੍ਰਾਹਮਣੀ ਢਾਂਚੇ ਦੇ ਰਾਖਵੇਂ ਕੀਤੇ ਗੈਰ-ਮਨੁੱਖੀ ਸਮੁੱਚੇ ਅਧਿਕਾਰਾਂ ਨੂੰ ਤੋੜਨਾ ਸ਼ੁਰੂ ਕਰ ਦਿਤਾ ਹੈ ਤੇ ਮੰਨੂਵਾਦ ਦਾ ਅਡੰਬਰ ਖੋਖਲਾ ਹੋ ਰਿਹਾ ਹੈ, ਡਾਵਾਂ ਡੋਲ ਹੋ ਰਿਹਾ ਹੈ, ਫਿਕਰਮੰਦ ਹੋ ਰਿਹਾ ਹੈ।

ਮੰਨੂਵਾਦੀਆਂ ਦੀ ਇਸ ਲੜਾਈ ਦਾ ਆਧਾਰ ਰਾਖਵਾਂ ਕਰਨ ਹੈ, ਪਰ ਮੰਤਵ ਹਿੰਦੂਆਂ ਦੀ ਪਹਿਲੀ ਸਰਬ-ਉੱਚਤਾ ਨੂੰ, ਮੁਕੰਮਲ ਪ੍ਰਭੂਸਤਾ ਨੂੰ ਤੇ ਉਸ ਦੇ ਸਮੂਹਕ ਰਾਖਵੇਂ ਅਧਿਕਾਰਾਂ ਨੂੰ ਸ਼ੂਦਰਾਂ ਤੋਂ ਖੋਹ ਕੇ ਮੁੜ ਬਹਾਲ ਕਰ ਲੈਣਾ ਹੈ। ਆਪਣਾ ਜੱਦੀ-ਪੁਸ਼ਤੀ ਕਬਜ਼ਾ ਲਗਾਤਾਰ ਕਾਇਮ ਰੱਖਣਾ ਹੈ। ਅਛੂਤਾ ਦਾ 'ਰਾਖਵਾਂ ਕਰਨ' ਆਰੀਅਨ ਹਿੰਦੂਆਂ ਦੇ ਮੁਕੰਮਲ ਕਬਜ਼ੇ ਲਈ ਇਕ ਚੈਲੰਜ ਬਣ ਗਿਆ ਹੈ। ਇਕ ਸਿਰਦਰਦੀ ਬਣ ਗਿਆ ਹੈ। ਕਾਬਜ਼ ਜਮਾਤ ਵਲੋਂ 'ਰਾਖਵੇਂ ਕਰਨ' ਦਾ ਵਿਰੋਧ ਬ੍ਰਾਹਮਣੀ ਢਾਂਚੇ ਦੇ ਪੂਰਨ ਰਾਖਵੇਂ ਕਰਨ ਲਈ ਹੀ ਇਕ ਸੰਘਰਸ਼ ਹੈ।

ਅੱਜ ਦਾ ਭਾਰਤ ਚਾਹੇ ਸਰਕਾਰ ਹੈ, ਚਾਹੇ ਪਾਰਟੀਆਂ ਚਾਹੇ ਸਰਕਾਰੀ ਮਸ਼ੀਨਰੀ ਭਾਵ ਅਫ਼ਸਰਸ਼ਾਹੀ ਚਾਹੇ ਅਦਾਲਤਾਂ, ਸਭਨਾਂ ਉਪਰ ਬ੍ਰਾਹਮਣ, ਬਾਣੀਏ ਅਤੇ ਵੱਡੇ ਜ਼ਿਮੀਦਾਰਾਂ ਦਾ ਮੁਕੰਮਲ ਕਬਜ਼ਾ ਹੈ ਜਿਸ ਨੂੰ ਅਛੂਤਾਂ ਜਾਂ ਸਛੂਤਾਂ ਦਾ ਰਾਖਵਾਂ ਕਰਨ ਕੁਝ ਹੱਦ ਤੱਕ ਸੱਟ ਮਾਰਦਾ ਹੈ ਜਿਸ ਕਰਕੇ ਬ੍ਰਾਹਮਣ, ਬਾਣੀਏ ਤੇ ਵੱਡੇ ਜ਼ਿਮੀਦਾਰ ਤੇ ਇਹਨਾਂ ਜਾਤੀਆਂ ਦੇ ਛੋਟੇ ਲੋਕ ਵੀ ਬੁਖਲਾ ਰਹੇ ਹਨ। ਬ੍ਰਾਹਮਣਾ ਦੀ ਆਬਾਦੀ $3\frac{1}{2}$% ਹੈ, ਕਸ਼ਤਰੀਆਂ ਦੀ $5\frac{1}{2}$% ਹੈ। ਵੈਸ਼ ਵਡੇ ਜ਼ਮੀਦਾਰਾਂ ਦੀ ਆਬਾਦੀ 6% ਹੈ। ਪਰ ਇਸ 15% ਆਬਾਦੀ ਨੇ ਦੇਸ਼ ਦੀਆਂ 85% ਉੱਚ ਪੱਦਵੀਆਂ ਲਈਆਂ ਹੋਈਆਂ ਹਨ ਤੇ 95% ਧੰਨ ਸਾਂਭਿਆ ਹੋਇਆ ਹੈ।

ਇਹਨਾਂ ਅੰਕੜਿਆਂ ਤੋਂ ਭਲੀ ਭਾਂਤ ਸਪਸ਼ਟ ਹੈ ਕਿ ਬ੍ਰਾਹਮਣੀ ਢਾਂਚੇ ਅਨੁਸਾਰ ਸਥਾਪਤ ਕੀਤੇ ਵਰਣ ਵਿਵਸਥਾ ਦੇ ਆਧਾਰ ਤੇ ਉਪ੍ਰਲੀਆਂ ਤਿੰਨੇ ਸ਼੍ਰੇਣੀਆਂ ਅੱਜ ਵੀ ਰਾਜਨੀਤਕ, ਆਰਥਕ, ਅਫਸਰਸ਼ਾਹੀ ਤੇ ਸਮਾਜਕ ਅਦਾਰਿਆਂ ਤੇ ਮੁਕੰਮਲ 'ਰਾਖਵਾਂ-ਕਰਨ' ਬਣਾਈ ਬੈਠੇ ਹਨ।

ਦੂਜੇ ਪਾਸੇ 85% ਦਲਿਤ ਸਮਾਜ ਦੇ ਹਿੱਸੇ ਆਈ ਹੈ ਭੁਖਮਰੀ, ਗਰੀਬੀ, ਦੁਖ, ਤਕਲੀਫਾਂ, ਮੁਸ਼ੱਕਤ, ਬੇ-ਇਜ਼ਤੀ, ਕੁੱਟਮਾਰ, ਸਾੜਫੂਕ, ਬਲਾਤਕਾਰ, ਪੁਲਸੀ ਜ਼ੁਲਮ ਮਾਰਧਾੜ, ਉਧਾਲੇ।

ਮੁਸਲਮਾਨ ਜੋ ਭਾਰਤ ਦਾ 11.2% ਭਾਗ ਹਨ, ਉਹਨਾਂ ਨਾਲ 365 ਦਿਨਾਂ ਵਿਚ 425 ਦੰਗੇ ਕੀਤੇ ਜਾਂਦੇ ਹਨ। ਅਛੂਤਾਂ ਦੇ, (1972 ਤੋਂ) ਕਤਲਾਂ ਦੀ ਔਸਤ ਗਿਣਤੀ 12 ਹਜ਼ਾਰ ਤੋਂ 16 ਹਜ਼ਾਰ ਤੀਕ ਹੈ।

40 ਕਰੋੜ ਦਲਿਤ ਸ਼੍ਰੇਣੀ ਗਰੀਬੀ ਰੇਖਾ ਤੋਂ ਥੱਲੇ ਹੈ ਭਾਵ ਜਿਸਨੂੰ ਰੋਟੀ, ਕਪੜਾ, ਮਕਾਨ ਕੁਝ ਵੀ ਪ੍ਰਾਪਤ ਨਹੀਂ।

10 ਕਰੋੜ ਅਬਾਦੀ ਨੂੰ ਇਕੋ ਵੇਲੇ ਦੀ ਰੋਟੀ ਨਸੀਬ ਹੈ। ਇਹਨਾਂ ਦਲਿਤਾਂ ਦੇ ਹਿੱਸੇ 100% ਆਇਆ ਹੈ ਟੱਟੀਆਂ ਚੁੱਕਣਾ, ਝਾੜੂ ਮਾਰਨਾ, ਚਮੜਾਸਪੁਣਾ, ਗੰਦ ਢੋਣਾ, ਗੁਲਾਮੀ ਕਰਨੀ, ਮੰਗਤੇ ਬਣਨਾ, ਵੇਸਵਾਵਾਂ ਬਣਨਾ, ਚਮਚਾਗਿਰੀ ਕਰਨੀ, ਅਣਸਿਖਿਅਤ ਰਹਿਣਾ, ਅਪਰਾਧੀ ਤੇ ਬੇਇਜ਼ਤੀ ਭਰਿਆ ਜੀਵਨ ਜਿਉਣਾ, ਨਰਕ ਭੋਗਣਾ, ਬੀਮਾਰੀਆਂ ਨਾਲ ਮਰਨਾ/ਗੈਸ ਕਾਂਡਾਂ ਨਾਲ ਮਾਰੇ ਜਾਣਾ, ਦੇਸ਼ ਦੀ ਖ਼ਾਤਰ (ਭਾਵ ਬ੍ਰਾਹਮਣ, ਬਾਣੀਏ ਤੇ ਚੌਧਰੀਆਂ ਦੀ ਖ਼ਾਤਰ) ਸਰਹੱਦਾਂ ਤੇ ਮਿਟ ਜਾਣਾ/ਉਪਰਲੇ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਤੇ ਪਸ਼ੂਆਂ ਵਰਗਾ ਜੀਵਣ ਬਿਤਾਉਣਾ।

ਜੇਕਰ ਡਾ. ਅੰਬੇਦਕਰ ਦੀ ਕ੍ਰਿਪਾ ਸਦਕੇ ਅੱਜ ਅਛੂਤਾਂ ਜਾਂ ਸਛੂਤਾਂ ਨੂੰ ਕੁਝ ਬੁਨਿਆਦੀ ਅਧਿਕਾਰ ਮਿਲ ਵੀ ਗਏ ਹਨ ਤਾਂ ਇਸਦਾ ਸਪਸ਼ਟ ਅਰਥ ਹੈ ਕਿ ਬ੍ਰਾਹ-ਮਣੀ ਕਬਜ਼ੇ ਦੇ ਮੁਕੰਮਲ ਰਾਖਵੇਂਕਰਨ ਨੂੰ ਤੋੜਨਾ ਤੇ ਮਨੁੱਖੀ ਅਧਿਕਾਰਾਂ ਦਾ ਸਮਾਜੀਕਰਨ ਕਰਨਾ। ਬੜਾ ਸਪਸ਼ਟ ਹੈ ਕਿ ਜੇ ਇਹ ਅਧਿਕਾਰ ਰਾਖਵੇਂ ਨਾ ਕੀਤੇ ਗਏ ਹੁੰਦੇ, ਤਾਂ ਬ੍ਰਾਹਮਣੀ ਰਾਖਵਾਂ ਕਰਨ ਨਾ ਟੁੱਟਦਾ ਤੇ ਨਾ ਦੰਗੇ ਹੁੰਦੇ। ਨਾ ਰਾਖਵੇਂ ਕਰਨ ਵਿਰੋਧੀ ਲਹਿਰਾਂ

ਚਲਦੀਆਂ। ਰਾਖਵੇਂ ਕਰਨ ਵਿਰੋਧੀ ਲਹਿਰਾਂ ਅਸਲ ਵਿਚ ਮੰਨੂਵਾਦੀ ਰਾਖਵੇਂ ਕਰਨ ਨੂੰ ਪੂਰਨ ਰੂਪ ਵਿਚ ਬਹਾਲ ਕਰਨ ਲਈ ਹੀ ਚਲਾਈਆਂ ਜਾ ਰਹੀਆਂ ਹਨ।

ਕੀ ਸਮਾਜ ਦਾ ਸੁਚੇਤ ਵਰਗ ਇਸ ਤੱਥ ਨੂੰ, ਇਸ ਹਕੀਕਤ ਨੂੰ ਸਮਝ ਸਕੇਗਾ ? o

ਗੁਰਨਾਮ ਸਿੰਘ ਮੁਕਤਸਰ

## ਜਾਤਾਂ ਦੇ ਆਧਾਰ ਤੇ ਰੀਜ਼ਰਵੇਸ਼ਨ ਬਾਰੇ ਸਮਝ : ਇਨਕਲਾਬੀ ਨੁਕਤਾ-ਨਜ਼ਰ ਦੀ ਅਣਹੋਂਦ

[ਰਿਜ਼ਰਵੇਸ਼ਨ ਦੇ ਮਸਲੇ 'ਤੇ ਇਕ ਕਮਿ. ਇਨ. ਦਾ ਪ੍ਰਤੀਕ੍ਰਮ]

ਕੌਮੀਅਤਾਂ ਤੋਂ ਬਾਅਦ, ਸ਼ਾਇਦ ਜਾਤਾਂ ਦੀ ਹੋਂਦ ਦਾ ਮਸਲਾ ਜਮਹੂਰੀ ਕਾਰਜਾਂ ਵਿਚੋਂ ਦੂਸਰਾ ਅਜਿਹਾ ਮਸਲਾ ਹੈ ਜੋ ਭਾਰਤੀ ਸਮਾਜ ਦੀ ਬਾਹਰ ਮੁੱਖੀ ਹਕੀਕਤ ਤੇ ਭਾਰਤੀ ਇਨਕਲਾਬ ਵਿਚ ਸਭ ਤੋਂ ਵੱਧ ਅਹਿਮ ਹੈ। ਇਸ ਲਈ ਕਮਿ. ਇਨਕਲਾਬੀਆ ਦੇ ਇਨਕਲਾਬੀ ਪ੍ਰੋਗਰਾਮ ਵਿਚ ਵੀ ਇਸਨੂੰ ਇਹ ਥਾਂ ਮਿਲਣੀ ਚਾਹੀਦੀ ਹੈ।

ਤਾਂ ਫਿਰ ਇਸ ਮਸਲੇ ਪ੍ਰਤੀ ਕਮਿਊਨਿਸਟ ਇਨਕਲਾਬੀਆਂ ਦੀ ਪਹੁੰਚ ਕੀ ਹੋਵੇ ? ਇਸ ਲਈ ਸਾਨੂੰ ਇਸ ਮਸਲੇ ਦੇ ਦਵੰਦ ਨੂੰ ਸਮਝਣਾ ਚਾਹੀਦਾ ਹੈ। ਇਸ ਦੇ ਦੋ ਪਹਿਲੂ ਹਨ। ਪਹਿਲਾ ਇਹ ਕਿ ਸਰਮਾਏਦਾਰੀ ਦੇ ਲਗਾਤਾਰ ਹੋ ਰਹੇ ਵਿਕਾਸ ਕਰਕੇ ਇਹਨਾਂ ਜਾਤਾਂ ਵਿਚ ਤੇ ਖਾਸ ਤੌਰ 'ਤੇ ਇਨ੍ਹਾਂ ਜਾਤਾਂ ਦੇ ਪੜ੍ਹੇ ਲਿਖੇ ਹਿੱਸੇ ਵਿਚ ਇਹ ਸੂਝ ਪੈਦਾ ਹੁੰਦੀ ਹੈ, ਤੇ ਲੋੜ ਜਾਗਦੀ ਹੈ, ਕਿ ਉਹਨਾਂ ਉੱਤੇ ਇਹ ਜਾਤਾਂ ਦਾ ਪ੍ਰਬੰਧ ਠੋਸਿਆ ਗਿਆ ਹੈ ਤੇ ਇਕ ਲੁੱਟ ਦਾ ਸਾਧਨ ਹੈ ਤੇ ਇਸਦੇ ਖਿਲਾਫ ਉਹਨਾਂ ਦੇ ਮਨਾਂ ਵਿਚ ਨਫ਼ਰਤ ਪ੍ਰਚੰਡ ਹੁੰਦੀ ਹੈ ਅਤੇ ਉਹ ਆਪਣੇ ਉਤੇ ਲੱਗੇ ਜਾਤਾਂ ਦੇ ਲੇਬਲ ਨੂੰ ਲਾਹੁਣਾ ਚਾਹੁੰਦੇ ਹਨ। ਇਹ ਇਸ ਵਰਤਾਰੇ ਦਾ ਹਾਂ ਪੱਖੀ ਤੇ ਅਗਾਂਹ ਵਧੂ ਪਹਿਲੂ ਹੈ। ਪਰ ਦੂਜੇ ਪਾਸੇ ਕਾਂਗਰਸ ਦੀ ਪਾਲਸੀ ਦੇ ਨਤੀਜੇ ਵਜੋਂ, ਉਹਨਾਂ ਵਿਚ ਆਪ ਮੁਹਾਰੇ ਤੌਰ 'ਤੇ ਜਾਤਾਂ ਦੇ ਆਧਾਰ 'ਤੇ ਰੀਜ਼ਰਵੇਸ਼ਨ ਤੇ ਹੋਰ ਆਰਥਕ ਸਹੂਲਤਾਂ ਹਾਂਸਲ ਕਰਨ ਦੀ ਇੱਛਾ ਹੈ ਤੇ ਨਤੀਜੇ ਵਜੋਂ ਇਸ ਪਾਲਸੀ ਤੇ ਤੱਤ ਰੂਪ ਵਿਚ ਜਾਤਾਂ ਦੀ ਹੋਂਦ, ਖੁਦ ਉਹਨਾਂ ਤੇ ਸਮਾਜਕ ਗਲਬੇ ਦਾ ਆਧਾਰ, ਨੂੰ ਕਾਇਮ ਰੱਖਣ ਦੇ ਪੱਖ ਵਿਚ ਖੜ੍ਹਦੇ ਹਨ। ਇਸੇ ਕਰਕੇ ਉਹ ਕਾਂਗਰਸ ਦਾ ਵੋਟ ਬੈਂਕ ਬਣੇ ਹੋਏ ਹਨ। ਇਹ ਇਸ ਮਸਲੇ ਦਾ ਨਾ-ਪੱਖੀ ਤੇ ਪਿਛਾਂਹ-ਖਿੱਚੂ ਪਹਿਲੂ ਹਨ। ਜਿਸ ਵਿਚ ਪਹਿਲਾ (ਜਾਤਾਂ ਦੇ ਖਾਤਮੇ ਦਾ) ਅਗਾਂਹਵਧੂ ਰੁਝਾਨ ਹੈ ਤੇ ਦੂਜਾ (ਜਾਤਾਂ ਨੂੰ ਕਾਇਮ ਰੱਖਣ ਦਾ) ਪਿਛਾਂਹ ਖਿੱਚੂ ਰੁਝਾਨ ਹੈ। ਕਾਂਗਰਸ ਆਪਣੀਆਂ ਜਮਾਤੀ ਸਿਆਸੀ ਲੋੜਾਂ ਕਰਕੇ ਪਿਛਾਂਹ-ਖਿੱਚੂ ਪਹਿਲੂ ਦੀ ਹਮਾਇਤ ਵਿਚ ਆਉਂਦੀ ਹੈ, ਪਰ ਕਮਿਊਨਿਸਟ ਇਨਕਲਾਬੀਆਂ ਨੂੰ ਜ਼ਰੂਰ ਹੀ ਇਸ ਦੇ ਅਗਾਂਹ-ਵਧੂ ਪਹਿਲੂ ਦੇ ਪੱਖ ਵਿਚ ਖੜ੍ਹਨਾ ਚਾਹੀਦਾ ਹੈ। ਭਾਵੇਂ ਇਹ ਠੀਕ ਹੈ ਕਿ ਅੱਜ ਦੂਜਾ (ਪਿਛਾਂਹ-ਖਿੱਚੂ) ਪਹਿਲੂ ਸਮਾਜੀ ਹਕੀਕਤ ਵਿਚ ਭਾਰੂ ਹੈ ਪਰ ਕਮਿਊਨਿਸਟ ਇਨਕਲਾਬੀਆਂ ਨੂੰ ਇਸ ਹਕੀਕਤ ਨੂੰ ਤਬਦੀਲ ਕਰਨ ਤੇ ਅਗਾਂਹਵਧੂ ਪਹਿਲੂ ਨੂੰ ਭਾਰੂ ਹੈਸੀਅਤ ਵਿਚ ਲਿਆਉਣ ਲਈ ਕੰਮ ਕਰਨਾ ਚਾਹੀਦਾ ਹੈ। ਇਸ ਦਵੰਦ ਦੇ ਸੰਦਰਭ ਵਿਚ ਸਾਡੇ ਕੋਲ ਸਿਰਫ ਤੇ ਸਿਰਫ ਇਕ ਹੀ ਯੁਧਨੀਤਕ ਨਾਹਰਾ ਹੈ—ਉਹ ਹੈ ਕਿ ਜਾਤਾਂ ਦੀ ਮਾਨਤਾ ਨੂੰ ਹਰ ਪੱਧਰ ਤੇ ਸਿਆਸੀ, ਕਾਨੂੰਨੀ ਤੇ ਸਿਆਸੀ, ਕਾਨੂੰਨੀ ਤੋਂ ਕਾਰਜਕਰੇਨੀ, ਖਤਮ ਕਰਨ ਦਾ ਤੇ ਕਿਸੇ ਵੀ ਕਿਸਮ ਦੇ ਦਸਤਾਵੇਜ਼ਾਂ ਵਿਚ (ਜਿਵੇਂ ਕਿ ਕਚਹਿਰੀ, ਸਕੂਲ, ਕਾਲਜ ਵਗੈਰਾ ਵਗੈਰਾ) ਕਿਸੇ ਵੀ ਆਦਮੀ ਦੀ ਜਾਤ ਦੇ ਜ਼ਿਕਰ ਨੂੰ ਬੰਦ ਕਰਨ ਦਾ ਨਾਹਰਾ। ਇਸ ਯੁੱਧਨੀਤਕ ਨਾਹਰੇ ਦੀ ਰੌਸ਼ਨੀ ਵਿਚ ਦਾਅਪੇਚਕ ਤੌਰ ਤੇ ਸਿਰਫ ਇਹੋ ਹੀ ਨਾਅਰਾ ਹੋ ਸਕਦਾ ਹੈ ਕਿ ਆਰਥਕ ਪੱਖ ਤੋਂ ਕਮਜ਼ੋਰ ਜਮਾਤਾਂ ਨੂੰ ਰੀਜ਼ਰਵੇਸ਼ਨ ਦੀ ਸਹੂਲਤ ਮੁਹੱਈਆ ਕੀਤੀ ਜਾਵੇ। ਸਿਰਫ਼ ਇਹੀ ਇਕ ਪਹੁੰਚ ਹੈ ਜੋ ਕਿ ਪਹਿਲਾਂ ਜ਼ਿਕਰ ਕੀਤੇ ਗਏ ਆਧਾਰ ਚੌਖਟੇ ਦੀਆਂ ਦੋ ਬੁਨਿਆਦੀ ਲੋੜਾਂ, ਸਮਾਜਵਾਦ ਦੀ ਉਸਾਰੀ ਵਾਸਤੇ ਆਧਾਰ ਪੱਕਾ ਕਰਨ ਤੇ ਪੇਂਡੂ ਪ੍ਰੋਲੇਤਾਰੀਏ ਤੇ ਗਰੀਬ ਕਿਸਾਨੀ ਦਾ ਇਨਕਲਾਬੀ ਗੱਠਜੋੜ ਪੱਕਾ ਕਰਨ ਦੀ ਪੂਰਤੀ ਦੀ ਜ਼ਾਮਨੀ ਭਰ ਸਕਦੀ ਹੈ।

ਜਿਥੇ ਇਹ ਨਾਅਰੇ ਜਮਾਤਾਂ ਦੇ ਨਿਖੇੜ ਤੇ ਵਿਕਾਸ ਰਾਹੀਂ ਸਮਾਜਵਾਦ ਲਈ ਆਧਾਰ ਪੱਕਾ ਕਰਨ ਦੀ ਗਰੰਟੀ ਬਣਦੇ ਹਨ ਉਥੇ ਇਹ ਨਾਹਰੇ ਸਾਡੇ ਅੱਜ ਦੇ ਇਨਕਲਾਬ ਦੇ ਯੁੱਧਨੀਤਕ ਗੱਠਜੋੜ, ਮਜ਼ਦੂਰ ਕਿਸਾਨ ਗੱਠਜੋੜ ਦੀ ਵੀ ਜ਼ਾਮਨੀ ਭਰਦੇ ਹਨ। ਜਾਤਾਂ ਦੇ ਆਧਾਰਾਂ 'ਤੇ ਰੀਜ਼ਰਵੇਸ਼ਨ ਦੇ ਖਾਤਮੇ ਦਾ ਨਾਹਰਾ ਪੇਂਡੂ ਪ੍ਰੋਲੇਤਾਰੀਏ ਨੂੰ ਉਸਦੀ ਆਪ ਮੁਹਾਰਤਾ ਦੇ ਖਿਲਾਫ਼ ਸਿਆਸੀ ਸੂਝ ਮੁਹੱਈਆ ਕਰੇਗਾ ਉਥੋਂ ਨਾਲ ਹੀ ਜਾਤਾਂ ਖਤਮ ਕਰਨ ਦੀ ਮੰਗ ਗਰੀਬ ਕਿਸਾਨੀ, ਜੋ ਕਿ ਉਪਰਲੀਆਂ ਜਾਤਾਂ ਵਿਚੋਂ ਹੈ, ਨੂੰ ਇਨਕਲਾਬੀ ਸਿਆਸੀ ਸੂਝ ਨਾਲ ਲੈਸ ਕਰੇਗਾ। ਆਰਥਿਕ ਆਧਾਰ 'ਤੇ ਰੀਜ਼ਰਵੇਸ਼ਨ ਦੋਨਾਂ ਦੀ ਏਕਤਾ ਨੂੰ ਹੋਰ ਪੱਕਾ ਕਰੇਗੀ ਤੇ ਹਾਕਮ ਜਮਾਤਾਂ ਤੋਂ ਵੱਧ ਹੱਕ ਲੈਣ ਦੀ ਇਕ ਦਾਅਪੇਚਕ ਸਾਂਝ ਬਣੇਗੀ। ਸਿਰਫ ਅਜਿਹੀ ਨੀਤੀ ਦੇ ਆਧਾਰ 'ਤੇ ਹੀ ਮਜ਼ਦੂਰ ਕਿਸਾਨ ਗੱਠਜੋੜ ਪੱਕਾ ਕੀਤਾ ਜਾ ਸਕਦਾ ਹੈ ਤੇ ਭਾਰਤੀ ਸਰਮਾਏ-ਦਾਰੀ ਦੇ ਪਿਛਾਖੜੀ ਮਨਸੂਬਿਆਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ।

o

**ਪਹੁੰਚੇ ਹਾਂ ਕਿਸ ਮੁਕਾਮ ਤੇ ○ ਮਹਾਂ ਭੋਜ ○ ਕੁਝ ਵੀ ਨਹੀਂ ○ ਫੱਟੜ ਸ਼ੀਹਣੀ ○ ਲਹੂ ਬੋਲਦਾ ਹੈ**

## ਦੋ ਗ਼ਲਤ ਲਿਖਤਾਂ ਦਾ ਪਰਕਾਸ਼ਨ

ਬੀਤੇ ਸਾਲ ਪਲਸ ਮੰਚ ਤੇ ਗੁਰਸ਼ਰਨ ਸਿੰਘ ਹੁਰਾਂ ਨੇ ਇਕ ਕਾਵਿ ਸੰਗ੍ਰਿਹ 'ਪਹੁੰਚੇ ਹਾਂ ਕਿਸ ਮੁਕਾਮ ਤੇ" ਅਤੇ ਇਕ ਨਾਵਲ ਮਹਾਂ ਭੋਜ ਪਰਕਾਸ਼ਤ ਕੀਤੇ ਹਨ। ਪਲਸ ਮੰਚ ਤੇ ਗੁਰਸ਼ਰਨ ਸਿੰਘ ਹੁਰੀ ਲੋਕ ਪੱਖ ਵਿਚ ਖੜੋਂਦ ਤੇ ਲੋਕਾਂ ਤਕ ਜਨਤਕ ਚੇਤਨਾਂ ਦਾ ਪਸਾਰ ਕਰਨ ਦਾ ਦਾਅਵਾ ਕਰਦੇ ਹਨ। ਪਰੰਤੂ ਉਕਤ ਦੋਨੋਂ ਲਿਖਤਾਂ ਉਹਨਾਂ ਦੇ ਦਾਅਵੇ ਦੀ ਪੁਸ਼ਟੀ ਨਹੀਂ ਕਰਦੀਆਂ। ਕਾਵਿ ਸੰਗ੍ਰਿਹ ਵਿਚ ਭਾਰੂ ਉਹ ਕਵੀ ਹਨ ਜਿਹਨਾਂ ਲਈ ਪੰਜਾਬ ਦਾ ਦੁਖਾਂਤ ਕੇਵਲ 'ਨੀਲਾ ਤਾਰਾ' ਐਕਸ਼ਨ ਤੋਂ ਅਰੰਭ ਹੋਇਆ ਹੈ। ਪਰੰਤੂ, ਜਿੰਨ੍ਹਾਂ ਕਾਰਣਾਂ ਕਰਕੇ ਉਪਰੋਕਤ ਐਕਸ਼ਨ ਹੋਇਆ ਅਤੇ ਪਿਛਲੇ ਕਈ ਸਾਲਾਂ ਤੋਂ ਮਾਸੂਮਾਂ ਦੇ ਹੋ ਰਹੇ ਕਤਲਾਂ ਨਾਲ ਇਹਨਾਂ ਨੂੰ ਕੋਈ ਸਰੋਕਾਰ ਨਹੀਂ ਹੈ। ਜਿਵੇਂ ਇਹ ਸਾਰਾ ਕੁਝ ਪੰਜਾਬ ਵਿਚ ਨਾਂ ਵਪਾਰਕੇ ਕਿਸੇ ਹੋਰ ਦੁਨੀਆਂ ਵਿਚ ਵਾਪਰ ਰਿਹਾ ਹੋਵੇ। ਇਹਨਾਂ ਅਖੌਤੀ ਬੁਧੀਜੀਵੀਆਂ ਤੇ ਕਵੀਆਂ ਨੇ ਇਕ ਘਸੜ ਫ਼ਿਰਕੂ ਸੋਚ ਦਾ ਪਰਗਟਾਵਾ ਕੀਤਾ ਹੈ। ਜਿਸ ਨੂੰ ਲੋਕਾਂ ਤਕ ਪੁਚਾਉਣ ਲਈ ਭਾਰੀ ਗਿਣਤੀ ਵਿਚ ਲਿਖਤਾ ਛਪ ਰਹੀਆਂ ਹਨ। ਪਲਸ ਮੰਚ ਖੱਬੀ ਸੋਚ ਦਾ ਪਰਗਟਾਵਾ ਕਰਦਾ ਹੈ ? ਕੀ ਹੁਣ ਸਮਝ ਲਿਆ ਜਾਵੇ ਕਿ ਪਲਸ ਮੰਚ ਵੀ ਇਸੇ ਸੋਚ ਦਾ ਧਾਰਨੀ ਹੈ ?

ਗੁਰਸ਼ਰਨ ਸਿੰਘ ਹੁਰਾਂ ਨੂੰ ਅਸੀਂ ਮੋਗੇ ਮਿਲਕੇ ਇਸ ਲਿਖਤ ਤੇ ਸਖਤ ਇਤਰਾਜ ਕੀਤਾ ਸੀ। ਪਰੰਤੂ ਉਹਨਾਂ ਦਲੀਲ ਦਿਤੀ ਕਿ ਇਹ ਇਸ ਵਿਸ਼ੇ ਤੇ ਲਿਖੀ ਕਵਿਤਾ ਦਾ ਰੀਕਾਰਡ ਹੈ ਤਾਕਿ ਪੰਜਾਬੀ ਪਾਠਕਾਂ ਨੂੰ ਪਤਾ ਲੱਗ ਜਾਵੇ ਕਿ ਇਹ ਲੇਖਕ ਕਿਥੇ ਕਿਥੇ ਖੜੇ ਹਨ। ਇਹ ਦਲੀਲ ਕਿਸੇ ਚੇਤਨ ਬੰਦੇ ਦੀ ਨਹੀਂ ਹੈ। ਪਲਸ ਮੰਚ ਦੇ ਪਲੇਟਫ਼ਾਰਮ ਨੂੰ ਫਿਰਕੂ ਤੇ ਸੰਕੀਰਨ ਸੋਚ ਦੇ ਪਰਚਾਰ ਲਈ ਵਰਤਣਾ ਦਰੁਸਤ ਨਹੀਂ ਹੈ। ਇਸ ਲਈ ਪਲਸ ਮੰਚ ਨੂੰ ਇਸ ਪੁਸਤਕ ਤੋਂ ਨਾਤਾ ਤੋੜਨਾ ਚਾਹੀਦਾ ਹੈ ਅਤੇ ਆਪਣੀ ਗ਼ਲਤੀ ਖੁਲ੍ਹੇ ਆਮ ਮੰਨਣੀ ਚਾਹੀਦੀ

ਦੂਜੀ ਲਿਖਤ ਮਨੂੰ ਭੰਡਾਰੀ ਦਾ ਨਾਵਲ 'ਮਹਾਂ ਭੋਜ' ਹੈ। ਗੁਰਸ਼ਰਨ ਸਿੰਘ ਹੁਰਾਂ ਨੇ ਮੰਨਿਆ ਹੈ ਕਿ ਇਹ ਨਾਵਲ ਪਹਿਲਾਂ ਉਹਨਾਂ ਨੇ ਨਹੀਂ ਪੜ੍ਹਿਆ। ਇਹ ਨਾਵਲ ਸੰਘਰਸ਼ ਵਿਰੋਧੀ, ਕਮਿਊਨਿਸਟ ਵਿਰੋਧੀ ਤੇ ਅਤਿ ਦਾ ਪਿਛੇ ਖਿਚੂ ਹੈ। ਜਿਸ ਵਿਚ ਜਮਾਤੀ ਚੇਤਨਾਂ ਨੂੰ ਜਾਣ ਬੁਝਕੇ ਖੁੰਡਾ ਕਰਨ ਦਾ ਯਤਨ ਹੈ। ਇਸ ਦਾ ਇਕ ਪਾਤਰ ਕਹਿੰਦਾ ਹੈ, ਕਿ ਨਾਇਕ ਨਕਸਲਵਾਦੀਆਂ ਨੂੰ ਗਾਲ੍ਹਾਂ ਕੱਢਦਾ ਸੀ। ਨਾਇਕ ਤੇ ਪਿਛੋਂ ਦੂਜਾ ਪਾਤਰ ਜਮਾਤੀ ਸੰਘਰਸ਼ ਕਰਨ ਦੀ ਥਾਂ ਵਿਅਕਤੀਗਤ ਸੰਘਰਸ਼ ਕਰਦੇ ਹਨ। ਜਥੇਬੰਦੀ ਦੀ ਥਾਂ ਵਿਅਕਤੀ ਨੂੰ ਉਭਾਰਨਾਂ ਇਕ ਚੇਤਨ ਸਾਜਿਸ਼ ਹੈ। ਹਾਕਮ ਜਮਾਤਾਂ, ਜਮਾਤਾਂ ਤੇ ਜਥੇਬੰਦੀ ਤੋਂ ਭੈਭੀਤ ਹੁੰਦੀਆਂ ਹਨ। ਵਿਅਕਤੀ ਉਹਨਾਂ ਲਈ ਕੋਈ ਮਸਲਾ ਨਹੀਂ ਹੁੰਦਾ। ਉਸ ਨੂੰ ਉਹ ਸਹਿਜੇ ਹੀ ਖ਼ਤਮ ਕਰ ਦਿੰਦੀਆਂ ਹਨ। ਜਿਸ ਤਰ੍ਹਾਂ ਇਸ ਨਾਵਲ ਵਿਚ ਕੀਤਾ ਗਿਆ ਹੈ ? ਦੂਜੇ ਰਾਜ ਸਰਮਾਏਦਾਰ, ਜਗੀਰਦਾਰ ਜਮਾਤਾਂ ਕਰਦੀਆਂ ਹਨ। ਦਿਲੀ ਵਿਚ ਬੈਠੇ ਹਾਕਮ ਇਹਨਾਂ ਹੀ ਜਮਾਤਾਂ ਦੇ ਚਾਕਰ ਹੁੰਦੇ ਹਨ। ਇਸ ਲਈ ਪਹਿਲਾਂ ਨਾਇਕ ਤੇ ਪਿਛੋਂ ਪੁਲਸ ਅਫ਼ਸਰ ਵਲੋਂ ਦਿੱਲੀ ਜਾ ਕੇ ਇਨਸਾਫ ਪ੍ਰਾਪਤ ਕਰਨ ਦੀ ਆਸ ਪ੍ਰਗਟਾਉਂਦੀ ਜਮਾਤੀ ਚੇਤਨਾ ਨੂੰ ਖੁੰਢੇ ਕਰਨਾ ਹੈ। ਜਮਾਤੀ ਚੇਤਨਾ ਤੋਂ ਸੱਖਣੀ ਜਗੀਰੂ ਤੇ ਸਰਕਾਰੀ ਜਬਰ ਦੀ ਪੇਸ਼ਕਾਰੀ ਕੋਈ ਅਰਥ ਨਹੀਂ ਰਖਦੀ। ਹਕੀਕਤ ਵਿਚ ਮਨੂੰ ਭੰਡਾਰੀ ਨੇ ਇਹ ਨਾਵਲ ਫਿਲਮ ਲਈ ਅਪਨਾਏ ਜਾਣ ਦੇ ਇਰਾਦੇ ਨਾਲ ਲਿਖਿਆ ਹੈ। ਫਿਲਮਾਂ ਅਸੀਂ ਜਾਣਦੇ ਹਾਂ ਕਿਹੋ ਜਿਹੇ ਨਾਵਲਾਂ ਤੇ ਬਣਦੀਆਂ ਹਨ।

ਗੁਰਸ਼ਰਨ ਸਿੰਘ ਹੁਰਾਂ ਨਾਲ ਮੇਰੇ ਇਸ ਸਵਾਲ ਤੇ ਮੱਤਭੇਦ ਹਨ, ਉਹ ਕਹਿੰਦੇ ਹਨ ਕਿ ਵਿਰੋਧੀ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਸਮਾਂ ਦਿਤਾ ਜਾਣਾ ਚਾਹੀਦਾ ਹੈ। ਫਿਰ ਉਸ ਦਾ ਉਤਰ ਦਿਤਾ ਜਾਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਸਾਡੇ ਕੋਲ ਬਹੁਤ ਛੋਟਾ ਪਲੇਟਫਾਰਮ ਹੈ, ਇਸਨੂੰ ਕੇਵਲ ਆਪਣੀ ਗਲ ਕਹਿਣ ਲਈ ਵਰਤਣਾ ਚਾਹੀਦਾ ਹੈ, ਵਿਰੋਧੀ ਸਾਡੇ ਵਿਚਾਰਾਂ ਨੂੰ ਕੋਈ ਥਾਂ ਨਹੀਂ ਦਿੰਦੇ। ਉਲਟਾ ਦਿਨ ਰਾਤ ਸਾਡੇ ਵਿਰੁਧ ਭੰਡੀ ਪਰਚਾਰ ਕਰਦੇ ਹਨ। ਉਹਨਾਂ ਦੇ ਵਿਚਾਰਾਂ ਨੂੰ ਆਪਣੇ ਪਲੇਟਫਾਰਮ ਤੋਂ ਪੇਸ਼ ਕਰਨ ਦਾ ਮਤਲਬ ਉਹਨਾਂ ਦੀ ਗੱਲ ਆਪਣੇ ਪਾਠਕਾਂ ਤਕ ਪੁਚਾਉਂਦੀ ਹੈ। ਜਦੋਂ ਕਿ ਵਿਰੋਧੀ ਸਿਧੇ ਤੌਰ ਤੇ ਅਜਿਹਾ ਨਹੀਂ ਕਰ ਸਕਦੇ।

ਵਿਚਾਰਧਾਰਕ ਸੰਘਰਸ਼ ਵਿਚ ਬਹੁਤ ਚੌਕਸੀ ਤੇ ਚੇਤਨਾ ਦੀ ਲੋੜ ਹੁੰਦੀ ਹੈ। ਇਸ ਵਿਚ ਅਵੇਸਲਾਪਨ, ਲਿਹਾਜੂ ਰਵਈਆ ਖਤਰਨਾਕ ਸਾਬਤ ਹੋ ਸਕਦਾ ਹੈ, ਮੈਂ ਸਮਝਦਾ ਹਾਂ ਕਿ ਉਪਰੋਕਤ ਦੋਨੋ ਲਿਖਤਾਂ ਦੇ ਛਪਣ

ਵਿਚ ਚੋਕਸੀ ਦੀ ਘਾਟ ਵੀ ਰਹੀ ਹੈ ਤੇ ਲਿਹਾਜਦਾਰੀ ਵੀ ਵਰਤੀ ਗਈ ਹੈ । ਅਗੇ ਤੋਂ ਹਰ ਲਿਖਤ ਸੋਚ ਸਮਝਕੇ ਪੜ੍ਹਕੇ ਫਿਰ ਛਾਪੀ ਜਾਣੀ ਚਾਹੀਦੀ ਹੈ ।

ਸੁਰਜੀਤ ਗਿੱਲ

ਨੋਟ : 'ਮਹਾਂ ਭੋਜ' ਨਾਵਲ ਦਾ ਸੰਪੂਰਨ ਪ੍ਰਭਾਵ ਇਸ ਸਮਾਜ ਵਿਚ ਰਾਜਸੀ ਅਤੇ ਸਭਿਆਚਾਰਕ ਗ਼ਲਤ ਕਦਰਾਂ ਕੀਮਤਾਂ ਦਾ ਖੰਡਨ ਹੈ । ਇਸੇ ਲਈ ਇਹ ਕਿਤਾਬ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਾਪੀ ਗਈ ਸੀ । ਸੁਰਜੀਤ ਗਿੱਲ ਹੋਰਾਂ ਨੇ ਇਸ ਕਿਤਾਬ ਉਤੇ ਜਿਸ ਦ੍ਰਿਸ਼ਟੀ ਨਾਲ ਟਿੱਪਣੀ ਕੀਤੀ ਹੈ, ਇਹ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਇਸ ਲਿਖਤ ਉਤੇ ਆਪਣੇ ਪਾਠਕਾਂ ਦੀ ਰਾਇ ਵੀ ਜਾਨਣਾ ਚਾਹਾਂਗੇ ਕਿ ਕੀ ਉਹ ਉਸ ਲਿਖਤ ਨੂੰ ਪ੍ਰਤੀਗਾਮੀ ਸਮਝਦੇ ਹਨ ? ਕਿਸੇ ਸਾਹਿਤਕ ਲਿਖਤ ਦੇ ਮੁਲਅੰਕਣ ਵਾਸਤੇ ਇਹ ਵਿਚਾਰਵਟਾਂਦਰਾ ਲਾਭਦਾਇਕ ਹੋਵੇਗਾ ।

—ਗੁਰਸ਼ਰਨ ਸਿੰਘ

**ਕੁਝ ਵੀ ਨਹੀਂ** (ਕਵਿਤਾਵਾਂ)
ਕਵੀ : ਇਕਬਾਲ ਰਾਮੂੰਵਾਲੀਆ

'ਕੁਝ ਵੀ ਨਹੀਂ' ਪਰਦੇਸੀਂ ਵਸਦੇ ਚੇਤਨ ਪੰਜਾਬੀ ਕਵੀ ਇਕਬਾਲ ਰਾਮੂਵਾਲੀਆ ਦਾ ਨਵਾਂ ਕਾਵਿ-ਸੰਗ੍ਰਹਿ ਹੈ । ਇਕਬਾਲ ਨਕਸਲੀ ਲਹਿਰ ਦੇ ਚੇਤਨ ਕਵੀਆਂ ਵਿਚੋਂ ਸਿਰਕੱਢ ਕਵੀ ਹੈ । ਵਿਸ਼ੇ ਦੀ ਪੇਸ਼ਕਾਰੀ, ਸ਼ਬਦ-ਚੋਣ ਤੇ ਬਿੰਬਾਵਲੀ ਉਸ ਦੀ ਆਪਣੀ ਹੈ । ਜਿਹੜਾ ਉਸ ਲਈ ਨਵੇਕਲਾ ਅਸਥਾਨ ਨਿਸਚਤ ਕਰਦੀ ਹੈ ।

ਇਕਬਾਲ ਇਕ ਅਨੁਭਵੀ ਕਵੀ ਹੈ । ਜਦੋਂ ਦੇਸ ਵਿਚ ਸੀ ਤਾਂ ਆਪਣੇ ਲੋਕਾਂ ਤੇ ਖਾਸ ਕਰਕੇ ਕਿਸਾਨੀ ਦੇ ਦੁਖਾਂ ਤੋਂ ਪੀੜਤ ਸੀ ਅਤੇ ਕਵਿਤਾ ਰਾਹੀਂ ਇਸੇ ਹੀ ਪੀੜ ਨੂੰ ਬਿਆਨ ਕਰਦਾ ਸੀ । ਹੁਣ ਜੇਕਰ ਕੈਨੇਡਾ ਵਿਚ ਆਪ ਕਿਰਤ ਕਰਦਾ ਹੈ ਤਾਂ ਵੀ ਉਸੇ ਬਿੰਬਾਵਲੀ ਰਾਹੀਂ ਆਪਣੇ ਤੇ ਲੋਕਾਂ ਦੇ ਦੁਖ ਦਸਦਾ ਹੈ । ਸਾਮਰਾਜੀ ਸਭਿਅਤਾ ਨੂੰ ਆਪਣੀ ਲੰਬੀ ਕਵਿਤਾ ਵਿਚ ਉਹ ਇਸ ਤਰ੍ਹਾਂ ਬਿਆਨ ਕਰਦਾ ਹੈ :

ਇੰਝ ਹੋ ਜਾਣ ਤੋਂ ਪਹਿਲਾਂ
ਕਿ ਫਰਿਜਾਂ ਦੀ ਸਭਿਅਤਾ 'ਚ ਹੀ
ਜੰਮ ਜਾਵੇ
ਮੇਰੇ ਮੱਥੇ ਦੀ ਗਿਰੀ ਦੀ
ਪਿਲਪਿਲੀ ਜਿਹੀ ਹਰਕਤ
... ... ...
ਨੰਗੀਆਂ ਛਾਤੀਆਂ ਦੀ ਦੱਲਦਲ 'ਚ
ਜੂੜੇ ਤੀਕਰ ਗਰਕ ਹੋ ਜਾਵਾਂ ।

ਪਰੰਤੂ ਉਹ ਇਸ ਸਭਿਅਤਾ ਤੋਂ ਪ੍ਰਭਾਵਤ ਨਹੀਂ, ਬਲਕਿ ਕਹਿੰਦਾ ਹੈ :

ਇਹ ਸਭ ਕੁਝ ਹੋਣ ਤੋਂ ਪਹਿਲਾਂ
ਮੈਂ ਆਪਣੀ ਹੀ ਬਰਸੀ ਦੀ
ਤਾਰੀਖ ਮਿਥਣੀ ਹੈ

ਕਿਸਾਨੀ ਦੀ ਪੇਸ਼ ਕੀਤੀ ਹੋਰ ਤਸਵੀਰ ਦੇਖੋ ।

ਬਾਕੀ, ਪੈਲੀ ਦੇ ਨੰਬਰਾਂ ਚੋਂ ਲੰਘਿਆ ਟਰੈਕਟਰ
ਅਜੇ ਤੀਕਰ ਤਾਂ
ਤੇਰੇ ਪਿਉ ਦੀ ਖੋਪੜੀ ਨੂੰ ਹੀ ਵਾਹੁੰਦਾ ਹੈ ।
ਤੇ ਚਰਬੀ ਦੇ ਘੁੱਟਾਂ ਤੇ ਚਲਦਾ ਹੈ;
ਬੋਰ ਉਤੇ ਬੀੜਿਆ
ਕਲਮੂੰਹਾਂ ਇੰਜਣ ।

ਪਰੰਤੂ ਇਕਬਾਲ ਇਸ ਗਮਗੀਨ ਤਸਵੀਰ ਤੋਂ ਆਪ ਨਿਰਾਸ਼ ਨਹੀਂ ਹੈ । ਉਸਨੂੰ ਮਨੁੱਖ ਦੀ ਗੁਲਾਮੀ ਦੇ ਕਾਰਨਾਂ ਦਾ ਪਤਾ ਹੈ । ਉਹ ਕਹਿੰਦਾ ਹੈ :

ਤੇਰਾ ਵੀਰਾ ਅਕਸਰ ਆਖਦਾ ਹੈ
ਟੁੰਡੀਆਂ ਬਾਹਾਂ ਉਤੇ
ਘੜੀਆਂ ਨਹੀਂ ਸੋਂਹਦੀਆਂ, ਮਾਂ ।
ਘੜੀਆਂ ਬੰਨ੍ਹਾਂਗੇ
ਜਦੋਂ ਗੁੱਟਾਂ ਤੋਂ ਤੋੜ ਦੇਵਾਂਗੇ
ਸੰਗਲੀਆਂ ਦੀ ਸਦਾ ਹਾਜ਼ਰ ਦੰਦੀ ।

ਸਾਮਰਾਜੀ ਸਭਿਅਤਾ ਦੀ ਇਕ ਹੋਰ ਤਸਵੀਰ ਦੇਖੋ :

ਮੈਲੀ ਜਿਹੀ ਚਿੜੀ
ਬਰਫ ਦੇ ਬੂਰੇ ਚ ਉੱਤਰੀ ਸੀ
ਹੁਣ ਉਸਦੀ ਉਡਾਰੀ ਗਾਇਬ ਹੈ
ਹੁਣ ਉਹਦੇ ਖੰਭਾਂ 'ਚ
ਸੋਨਾ ਚਮਕਦਾ ਹੈ ।

ਪਿਛਲੇ ਸਮੇਂ ਵਿਚ ਰਚੀ ਗਈ ਬਹੁਤੀ ਕਵਿਤਾ ਕੇਵਲ ਸ਼ਬਦਾਂ ਦਾ ਹੇਰ ਫੇਰ ਹੀ ਜਾਪਦੀ ਸੀ । ਉਹ ਰੂਪ ਤੇ ਕਲਾ ਪੱਖ ਤੋਂ ਬਹੁਤ ਕਮਜ਼ੋਰ ਸੀ । ਜਿਸ ਕਾਰਨ ਉਹ ਲੋਕਾਂ ਵਿਚ ਆਪਣਾ ਥਾਂ ਬਨਾਉਣ ਵਿਚ ਅਸਫਲ ਰਹੀ ਸੀ । ਪਰੰਤੂ ਇਕਬਾਲ ਦੀ ਕਵਿਤਾ ਇਹਨਾਂ ਘਾਟਾਂ ਤੋਂ ਮੁਕਤ ਹੈ । ਆਪਣੀ ਬਿੰਬਾਵਲੀ ਕਾਰਨ ਆਮ ਪਾਠਕ ਦੇ ਮੂੰਹ ਚੜ੍ਹਨ ਦੇ ਸਮਰਥ ਹੈ ।

ਇਕਬਾਲ ਨੇ ਇਸ ਸੰਗ੍ਰਹਿ ਵਿਚ ਕੁਝ ਗ਼ਜ਼ਲਾਂ ਵੀ ਪੇਸ਼ ਕੀਤੀਆਂ ਹਨ । ਉਹ ਕਲਕੱਤੇ ਬਾਰੇ ਕਹਿੰਦਾ ਹੈ :

ਬੁਢੜਾਂ ਭਿਖਾਰੀ ਸ਼ਹਿਰ ਹੈ, ਬੀਮਾਰ ਲਾਸ਼ ਹੈ,
ਕੋਈ ਸਿਧਾਰਥ ਭਟਕਿਆ, ਲਭਦੀ ਰਹੀ ਨਜ਼ਰ ।

ਦੂਜੀਆਂ ਗ਼ਜ਼ਲਾਂ ਤੋਲ ਤੁਕਾਂਤ ਪਖੋਂ ਦਰੁਸਤ ਹਨ ਤੇ ਉਹਨਾਂ ਵਿਚ ਗ਼ਜ਼ਲਵਾਦੀ ਨਫਾਸਤ ਵੀ ਕੁਝ ਹਦ

ਤਕ ਕਾਇਮ ਹੈ। ਇਕਬਾਲ ਦੀ ਵਿਸ਼ੇਸ਼ਤਾ ਹੈ ਕਿ ਉਹਨੇ ਪੰਜਾਬ ਦੇ ਦੁਖਾਂਤ ਨੂੰ ਦਰੁਸਤ ਤੌਰ ਤੇ ਦੇਖਿਆ ਹੈ। ਉਹ ਬਹੁਤੇ ਪੰਜਾਬੀ ਕਵੀਆਂ ਵਾਂਗ ਇਕ-ਪਾਸੜ ਤੇ ਉਲਾਰ ਨਹੀਂ ਹੋਇਆ। ਇਸ ਸੰਗ੍ਰਹਿ ਵਿਚਲੀਆਂ ਆਖਰੀ ਦੋ ਕਵਿਤਾਵਾਂ ਉਸਦੀ ਸੰਤੁਲਤ ਸੋਚ ਦਾ ਪ੍ਰਗਟਾਵਾ ਹਨ।

ਇਕਬਾਲ ਨੇ ਆਪਣੀਆਂ ਕਵਿਤਾਵਾਂ ਕਿਤਾਬ-ਚਿਆਂ ਦੇ ਰੂਪ ਵਿਚ ਹੀ ਪ੍ਰਕਾਸ਼ਤ ਕੀਤੀਆਂ ਹਨ। ਇਸ ਦਾ ਇਕ ਲਾਭ ਹੈ ਕਿ ਇਹ ਆਮ ਪਾਠਕ ਤਕ ਸੌਖੇ ਹੀ ਪੁਜ ਜਾਂਦੀਆਂ ਹਨ। ਹਥਲਾ ਸੰਗ੍ਰਹਿ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਗੁਰਸ਼ਰਨ ਸਿੰਘ ਹੁਰਾਂ ਨੇ ਛਾਪਿਆ ਹੈ। ਛਪਾਈ ਤੇ ਦਿੱਖ ਵੱਲੋਂ ਸੋਹਣਾ ਹੈ। ਕੀਮਤ ਵੀ ਦੋ ਰੁਪਏ ਵਾਜਬੀ ਰੱਖੀ ਗਈ ਹੈ।

**ਸੁਰਜੀਤ ਗਿੱਲ**

## 'ਕਿਤਾਬ' ਵਲੋਂ ਫਟੜ ਸ਼ੀਹਣੀ ਦਾ ਚਰਚਾ

ਬਰਨਾਲਾ—ਪਿਛਲੇ ਦਿਨਾਂ ਵਿਚ 'ਕਿਤਾਬ' ਵਲੋਂ ਬਾਰੂ ਸਤਵਰਗ ਦੇ ਨਵੇਂ ਛਪੇ ਨਾਵਲ 'ਫ਼ੱਟੜ ਸ਼ੀਹਣੀ' ਬਾਰੇ ਲੇਖਾ ਜੋਖਾ ਕੀਤਾ ਗਿਆ। ਗਿਆਨ ਚੰਦ ਸ਼ਰਮਾ ਨੇ ਦਸਿਆ ਕਿ ਇਹ ਨਾਵਲ ਨਕਸਲੀ ਦੁਖਾਂਤ ਅਤੇ ਮੱਧ-ਸ਼ਰੇਣੀ ਦੇ ਅਖੌਤੀ ਇਨਕਲਾਬ ਦੀ ਮੂੰਹ-ਬੋਲਦੀ ਤਸਵੀਰ ਹੈ। ਮਾਰਕਸਵਾਦ ਅਤੇ ਲੈਨ-ਵਾਦ ਤੋਂ ਵਿਹੂਣੇ ਅਤੇ ਕੋਰੇ, ਹਰਪਾਲ ਵਰਗੇ ਅਖੌਤੀ ਕਾਮਰੇਡ ਅਕਾਲੀ ਜਾਂ ਜਨਸੰਘੀ ਹੀ ਬਣ ਸਕਦੇ ਹਨ। ਮੌਕਾ-ਪ੍ਰਸਤੀ ਜਜ਼ਬਾਤ ਅਤੇ ਦੋਗਲਾਪਣ ਮੱਧ ਸ਼ਰੇਣੀ ਦਾ ਖਾਸਾ ਹੁੰਦਾ ਹੈ। ਹਰਪਾਲ ਉਸਦਾ ਪ੍ਰਤੀਕ ਹੈ। ਕਿਰਣ ਵੀ ਇਕ ਘਰੇਲੂ ਇਸਤਰੀ ਦਾ ਹੀ ਪ੍ਰਤੀਬਿੰਬ ਹੈ, ਭਾਵੇਂ ਆਪਣੇ ਪਤੀ ਦੇ ਬੱਚੇ ਦੇ ਮਾਰੇ ਜਾਣ ਕਰਕੇ ਉਹ ਫੱਟੜ ਜ਼ਰੂਰ ਹੋਈ ਹੈ ਪਰੰਤੂ 'ਸ਼ੀਹਣੀ' ਵਾਲੀ ਖਾਸ ਗੱਲ ਉਸ ਵਿਚ ਨਜ਼ਰ ਨਹੀਂ ਆਈ। ਉਹ ਆਪਣੇ ਪਤੀ ਦੀਆਂ ਨੀਤੀਆ ਨਾਲ ਭਾਵੇਂ ਮੁਤਫਿਕ ਨਹੀਂ ਪਰੰਤੂ ਕਿਤੇ ਵੀ ਡਟ ਕੇ ਵਿਰੋਧਤਾ ਕਰਨ ਦੀ ਦਲੇਰੀ ਨਹੀਂ ਕਰਦੀ। ਮੇਘ ਰਾਜ ਮਿੱਤਰ ਦਾ ਵਿਚਾਰ ਹੈ ਕਿ ਇਸ ਨਾਵਲ ਦੀ ਹੀਰੋਇਨ ਰਾਹੀਂ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਕੰਮ ਕਰ ਰਹੀਆਂ ਸਰਗਰਮ ਕੁੜੀਆਂ ਨੂੰ ਆ ਰਹੀਆਂ ਸਮੱਸਿਆਵਾਂ ਜ਼ਿਕਰ ਕੀਤਾ ਗਿਆ ਹੈ। ਨਾਵਲ ਇਸ ਤੋਂ ਵੀ ਵਧੀਆ ਬਣ ਸਕਦਾ ਸੀ ਜੇਕਰ ਬਾਰੂ ਸਤਬਰਗ ਸਗੋਂ ਚਾਲੀ ਤੇ ਇਨਕਲਾਬੀ ਲਹਿਰ ਨੂੰ ਸ਼ਰਧਾਂਜਲੀ ਅਰਪਤ ਕਰਨ ਦੀ ਬਜਾਏ ਇਸ ਨੂੰ ਚੜ੍ਹਦੀਆਂ ਕਲਾਂ ਵਿਚ ਦਿਖਾਉਂਦਾ। ਇੰਦਰ ਸਿੰਘ ਖਾਮੋਸ਼ ਨੇ ਦੱਸਿਆ ਕਿ ਇਸ ਨਾਵਲ ਦੇ ਲੇਖਕ ਨੇ ਪੰਜਾਬ ਦੀ ਵਰਤਮਾਨ ਆਰਥਕ, ਸਮਾਜਕ ਅਤੇ ਰਾਜਨੀਤਕ ਸਥਿਤੀ ਨੂੰ ਪਰਗਤੀਸ਼ੀਲ ਜੁਝਾਰੂ ਦਰਿਸ਼ਟੀ-ਕੋਣ ਤੋਂ ਚੇਤੰਨ ਹੋ ਕੇ ਲਿਖਿਆ ਹੈ। ਤਕਨੀਕੀ ਕਮਜ਼ੋਰੀਆਂ ਹੋਣ ਦੇ ਬਾਵਜੂਦ ਇਸ ਨੂੰ ਪੁੰਗਰ ਰਹੇ ਲੇਖਕ ਦਾ ਸ਼ਲਾਘਾਯੋਗ ਸਫਲ ਯਤਨ ਆਖਿਆ ਜਾ ਸਕਦਾ ਹੈ। ਫਿਰਕੂ ਜ਼ਹਿਰ ਨੂੰ ਯੋਜਨਾਬੱਧ ਤਰੀਕੇ ਨਾਲ ਫੈਲਾਉਣ ਦੇ ਘਾਤਕ ਰਾਜਨੀਤਕ ਯਤਨਾਂ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਲਈ ਅਜਿਹੇ ਨਾਵਲਾਂ ਦੀ ਅੱਜ ਪੰਜਾਬ ਨੂੰ ਹੀ ਨਹੀਂ ਸਾਰੇ ਦੇਸ਼ ਨੂੰ ਲੋੜ ਹੈ।

ਬਿੱਕਰ ਸਿੰਘ ਸਿੱਧੂ ਦਾ ਮੱਤ ਹੈ ਕਿ ਇਸ ਨਾਵਲ ਦੀ ਨਾਇਕਾ ਭਾਰਤੀ ਨਾਰੀ ਦੀ ਪਤੀਬਰਤਾ ਦੇ ਗਲੇ-ਸੜੇ ਸੰਕਲਪ ਨੂੰ ਵੰਗਾਰਦੀ ਹੋਈ ਆਪਣੀ ਹੋਂਦ ਨੂੰ ਬਰਕਰਾਰ ਰੱਖਦੀ ਹੈ। ਇਹ ਇਸਤਰੀ ਪਾਤਰ ਪੰਜਾਬੀ ਸਾਹਿੱਤ ਦਾ ਵਿਲੱਖਣ ਪਾਤਰ ਹੈ ਜੋ ਐਨੇ ਦੁੱਖਾਂ ਭਰੇ ਮਾਹੌਲ ਵਿਚ ਵੀ ਨਹੀਂ ਡੋਲਦਾ। ਇਸ ਦਾ ਕਾਰਨ ਉਸ ਦੀ ਮਾਰਕਸੀ ਵਿਚਾਰਧਾਰਾ ਦੀ ਪਰਪੱਕਤਾ ਹੈ।

ਰਾਮ ਸਰੂਪ ਅਣਖੀ ਆਖਦਾ ਹੈ ਕਿ ਇਹ ਨਾਵਲ ਪੰਜਾਬ ਦੇ ਮੌਜੂਦਾ ਹਾਲਤ ਨੂੰ ਲੈ ਕੇ ਸਮਾਜਵਾਦੀ ਨੁਕਤੇ ਤੋਂ ਲਿਖਿਆ ਗਿਆ ਹੈ। ਪਰ ਮੁੱਢ ਵਿਚ ਜੇ ਅੰਮ੍ਰਿਤਾ ਤੇ ਕੰਵਲ ਦੇ ਪਾਤਰ ਨਾਂ ਲਏ ਜਾਂਦੇ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ। ਨਾਇਕਾ ਦਾ ਚਹੇਤਾ ਲੇਖਕ ਵੀ ਇਕ ਚੁੱਪ ਸਰੋਤਾ ਹੈ। ਇਹਦੀ ਵੀ ਕੋਈ ਲੋੜ ਨਹੀਂ ਸੀ। ਕਲਾ ਪੱਖੋਂ ਇਹ ਇਕ ਚੰਗਾ ਨਾਵਲ ਹੈ।

## ਸੁਰਜੀਤ ਬਰਾੜ ਦਾ ਕਾਵਿ-ਸੰਗ੍ਰਹਿ 'ਲਹੂ ਬੋਲਦਾ ਹੈ

### ਇਕ ਸੰਖੇਪ ਜਾਇਜ਼ਾ

ਸੁਰਜੀਤ ਬਰਾੜ ਪੰਜਾਬੀ ਦਾ ਅਜੇਹਾ ਜਾਣਿਆ ਪਛਾਣਿਆ ਲੋਕ ਪੱਖੀ ਕਵੀ ਹੈ, ਜਿਸਦੀ ਕਵਿਤਾ ਪੰਜਾਬ ਦੀ ਜਮਹੂਰੀ ਲਹਿਰ ਵਿਚੋਂ ਜਨਮੀ ਅਤੇ ਇਸੇ ਲਹਿਰ ਵਿਚੋਂ ਪਰਵਾਨ ਚੜ੍ਹੀ ਹੈ। ਅਜ ਜਦੋਂ ਪੰਜਾਬੀ ਵਿਚ ਲੋਕ-ਪੱਖੀ ਕਵਿਤਾ ਦੇ ਨਾਂ ਤੇ ਸਮਾਜਕ ਯਥਾਰਥ ਤੋਂ ਨਿਖੜਕੇ ਜਾਂ ਅੰਤਰਮੁਖਤਾ ਦਾ ਸ਼ਿਕਾਰ ਹੋ ਕੇ ਬਹੁਤ ਕੁਝ ਫਜ਼ੂਲ ਰਚਿਆ ਜਾ ਰਿਹਾ ਹੈ ਅਜੇਹੀ ਸਾਰਥਕ ਕਵਿਤਾ ਆਪਣੀ ਵੱਖਰੀ ਪਹਿਚਾਣ ਲੈ ਕੇ ਸਾਡੇ ਸਾਹਮਣੇ ਆਉਂਦੀ ਹੈ। ਸੁਰਜੀਤ ਬਰਾੜ ਆਪ ਲੋਕ-ਘੋਲਾਂ ਨਾਲ ਗਹਿ-ਗੱਚ ਰਿਹਾ ਹੈ, ਇਸ ਲਈ ਇਨ੍ਹਾਂ ਘੋਲਾਂ ਦਾ ਪ੍ਰਭਾਵ ਉਹਦੀ ਕਵਿਤਾ ਤੇ ਪੈਣਾ ਸੁਭਾਵਕ ਹੀ ਸੀ। 'ਨਵੇਂ ਰਾਹ' (ਮਾਸਕ ਪੱਤ੍ਰਕਾ) ਤੋਂ ਸ਼ੁਰੂ ਹੋ ਕੇ 'ਲਹੂ ਬੋਲਦਾ ਹੈ' (ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, ਮੁਲ 4/- ਸਫ਼ੇ 92) ਤਕ ਸੁਰਜੀਤ ਬਰਾੜ ਇਕ ਲੰਬੇ ਸਾਹਿਤਕ ਅਨੁਭਵ ਅਤੇ ਵਿਸ਼ਾਲ ਸਿਆਸੀ-

ਸਮਾਜਕ ਅਮਲ ਵਿਚੋਂ ਗੁਜ਼ਰਿਆ ਹੈ। ਪਿਛਲੇ 10-11 ਸਾਲਾਂ ਅੰਦਰ ਉਹ ਪੰਜਾਬੀ ਦੀਆਂ ਲਗ ਭਗ ਸਾਰੀਆਂ ਲੋਕ ਪੱਖੀ ਸਾਹਿਤਕ ਪੱਤ੍ਰਕਾਵਾਂ ਵਿਚ ਛਪਕੇ ਪੰਜਾਬੀ ਪਾਠਰਾਂ ਅੰਦਰ ਆਪਣੀ ਇਕ ਵੱਖਰੀ ਥਾਂ ਬਣਾ ਚੁੱਕਾ ਹੈ। ਪਰ 'ਲਹੂ ਬੋਲਦਾ ਹੈ' ਉਸਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਉਹਨੇ ਆਪਣੀ ਕਵਿਤਾ ਵਿਚ ਆਪਣੇ ਸਮਕਾਲੀ ਕਵੀਆ ਪਾਸ਼, ਉਦਾਸੀ ਅਤੇ ਕਰਨੈਲ ਬਾਗੀ ਦੀ ਕਾਵਿ-ਸ਼ੈਲੀ ਦਾ ਪ੍ਰਭਾਵ ਕਬੂਲਿਆ ਹੈ। ਦੇਸ਼ ਵਿਚ ਫੈਲੇ ਹੋਏ ਵਿਆਪਕ ਭ੍ਰਿਸ਼ਟਾਚਾਰ, ਲੁੱਟ, ਜਬਰ ਅਤੇ ਅਣਮਨੁੱਖੀ ਆਰਥਕ ਪਾੜੇ ਤੋਂ ਆਕੀ ਹੋਇਆ ਉਹ ਕਈ ਵਾਰ 'ਲਾਊਡ' ਵੀ ਹੋ ਜਾਂਦਾ ਹੈ ਅਤੇ ਉਹਦੀ ਕਵਿਤਾ ਕਈ ਥਾਵਾਂ ਤੇ ਨਾਹਰੇਬਾਜ਼ੀ ਦਾ ਭੁਲੇਖਾ ਵੀ ਪਾਉਣ ਲਗਦੀ ਹੈ, ਪਰ ਬੁਨਿਆਦੀ ਰੂਪ ਵਿਚ ਸਹਿਜੇ ਕੀਤੇ ਉਹ ਆਪਣੀ ਕਾਵਿ ਸਿਰਜਣਾ ਵਿਚ ਕਲਾ ਦਾ ਪੱਖ ਪੇਤਲਾ ਨਹੀਂ ਪੈਣ ਦਿੰਦਾ। ਉਹਨੇ ਆਪਣੀ ਕਵਿਤਾ ਦੇ ਪ੍ਰਭਾਵ ਨੂੰ ਠੋਸ ਅਤੇ ਪੁਖਤਾ ਬਣਾਉਣ ਲਈ ਇਤਿਹਾਸ ਅਤੇ ਮਿਥਹਾਸ ਦੋਨਾਂ ਵਿਚੋਂ ਅਨੇਕਾਂ ਬਿੰਬ ਵਰਤੇ ਹਨ—ਕਈ ਅਜੇਹੇ ਬਿੰਬ ਅਤੇ ਚਿੰਨ ਵੀ ਹਨ ਜੋ ਸ਼ਾਇਦ ਸਾਧਾਰਣ ਪਾਠਕ ਦੀ ਸਮਝ ਦੇ ਘੇਰੇ ਵਿਚ ਨਾ ਵੀ ਆਉਂਦੇ ਹੋਣ। ਜਿਥੇ ਉਹ ਸਮਾਜ ਦੇ ਪੀੜਤ ਅਤੇ ਗੁਲਾਮ ਵਰਗ ਦੀ ਅੰਨ੍ਹੀ ਆਰਥਕ ਲੁੱਟ ਨੂੰ ਬੇਝਿਜਕ ਅਤੇ ਨਿਸ਼ੰਗ ਹੋ ਕੇ ਨੰਗਿਆਂ ਕਰਦਾ ਹੈ, ਉਥੇ ਉਹ ਅਤੀਤ ਪ੍ਰਸਤੀ ਅਤੇ ਰੂੜ੍ਹੀਵਾਦ ਤੇ ਵੀ ਤਿੱਖਾ ਹਮਲਾ ਕਰਦਾ ਹੈ :

> ਮੋਕਸ਼ ਕਦੇ ਤਪਸਵੀ ਦੀ ਸਮਾਧੀ
> ਜਾਂ ਭਭੂਤੀ 'ਚੋਂ ਨਹੀਂ ਮਿਲਦੀ
> ਨਾ ਹੀ ਮੂਲ ਕੰਦ ਖਾ ਕੇ ਨਾ ਗੰਗਾ ਨਹਾ ਕੇ
> ਸੱਚ ਤੋਂ ਪੱਲਾ ਛੁਡਾਕੇ।
>
> ... ...
>
> ਭਾਣਾ ਸੱਚੇ ਰੱਬ ਦਾ ਮੰਨਕੇ
> ਸਿਰ ਥਰਨੇ ਜ਼ਿੰਦਗੀ ਨੂੰ ਰੀਂਗਣ ਲਾਉਣਾ
> ਮੁਕਤੀ ਦਾ ਹੱਲ ਨਹੀਂ
> ਤੁਸੀਂ ਵਾਧੂ ਭਰਮ ਨਾ ਪਾਲੋ
> ਕੀ ਤੁਸੀਂ ਨਹੀਂ ਜਾਣਦੇ
> ਕਿ ਹੋਣੀਆਂ ਅਣਹੋਣੀਆਂ
> ਸਾਡੇ ਹੀ ਹੱਥਾਂ ਦਾ ਕਰਿਸ਼ਮਾ ਹੈ
>
> ... ...

ਇਸ ਕਾਵਿ-ਸੰਗ੍ਰਹਿ ਦਾ ਘੋਖਵੀਂ ਨਜ਼ਰ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਹਰ ਇਕ ਕਵਿਤਾ ਵਿਚੋਂ ਸਾਡੇ ਹਜ਼ਾਰਾਂ ਸਾਲਾਂ ਤੋਂ ਗਲੇ ਸੜੇ, ਗੁਲਾਮੀ ਅਤੇ ਦਹਿਸ਼ਤ ਨਾਲ ਸਰਾਪੇ ਹੋਏ ਸਮਾਜਕ ਪ੍ਰਬੰਧ ਨੂੰ ਬਦਲ ਸੁਟਣ ਦਾ ਸੰਕਲਪ ਅਤੇ ਪ੍ਰਤੀਬੱਧਤਾ ਆਪ ਮੁਹਾਰੇ ਉਭਰਦੀ ਲਗਦੀ ਹੈ। ਸਰਲਤਾ ਅਤੇ ਸਪਸ਼ਟਤਾ ਉਹਦੀ ਕਵਿਤਾ ਦੇ ਵਧੀਆ ਲੱਛਣ ਹਨ। ਸਮਾਜਕ ਕ੍ਰਾਂਤੀ ਦੇ ਸੰਘਰਸ਼ ਵਿਚ ਉਹ ਔਰਤਾਂ ਦੇ ਰੋਲ ਤੋਂ ਵੀ ਅਵੇਸਲਾ ਨਹੀਂ

> ... ...
> ਅਬਾਬੀਲਾਂ ਦੀ ਪਰਵਾਜ਼ ਵਿਚ
> ਅਸੀਮ ਰਫਤਾਰ ਹੁੰਦੀ ਹੈ
> ... ...
> ਅਬਾਬੀਲਾਂ ਫਿਰ ਵੀ ਮਰਦੀਆਂ ਨਹੀਂ
> ਤੇ ਅਬਲਾਵਾਂ ਹੋ ਕੇ ਹੌਕੇ ਭਰਦੀਆਂ ਨਹੀ
> ਉਹ ਕਿਸੇ ਲਾਰੇ ਦੀ ਪ੍ਰਵਾਹ ਕਰਦੀਆਂ ਨਹੀਂ
> ਕੌਸਰ ਦਾ ਲਾਰਾ ਉਨ੍ਹਾਂ ਨੂੰ ਝੂਠ-ਤੂਫਾਨ ਲਗਦੈ
> ਕੌਸਰ ਦੇ ਸੁਨਹਿਰੀ ਪੁਲ ਹੇਠ
> ਘਰ ਬਨਾਉਣ ਦਾ ਬਨਬਾਸ
> ਉਨ੍ਹਾਂ ਨੂੰ ਲਗਦੈ ਫੋਕਾ ਧਰਵਾਸ
> ... ...

ਬਰਾੜ ਨੇ ਕਿਰਤੀ ਸ਼੍ਰੇਣੀ ਦੇ ਜਮਾਤੀ ਸੰਘਰਸ਼ ਦਾ ਇਤਿਹਾਸ ਇਨ੍ਹਾਂ ਸ਼ਬਦਾਂ ਰਾਹੀਂ ਬਾਖੂਬੀ ਬਿਆਨ ਕੀਤਾ ਹੈ :

> ਅਸੀਂ ਤਾਂ ਬਾਬੇ ਆਦਮ ਤੋਂ ਲੜਦੇ ਆਏ ਹਾਂ
> ਬੇ ਦੀਦਿਆਂ ਨੂੰ ਮੁਫਲਿਸਾਂ ਨੂੰ
> ਉੱਠਣ ਲਈ ਚੇਤਨ ਕਰਦੇ ਆਏ ਹਾਂ
> ਅਸੀਂ ਓਹੀ ਹਾਂ
> ਜਿਨ੍ਹਾਂ ਯੂਨਾਨੀ ਰਾਜੇ ਤੋਂ ਜ਼ਹਿਰ ਪੀਤੀ
> ਚਾਂਦਨੀ ਚੌਕ ਵਿਚ ਸੀਸ ਦਿੱਤਾ
> ਅਸੀਂ ਚਿੱਲੀ ਦੇ ਪਾਬਲੋ ਨਰੂਦਾ
> ਅਸੀਂ ਹੀ ਸ਼ਿਕਾਗੋ ਦੀ ਧਰਤੀ ਲਾਲ ਹੈ ਕੀਤੀ
> ਅਸੀਂ ਹੁਣ ਵੀ ਜਿਉਂਦੇ ਹਾਂ ! ਮਰੇ ਨਹੀਂ
> ਦੇਖੋ ਅਸੀਂ ਹੁਣ ਵੀ ਲੜ ਰਹੇ ਹਾਂ
> ਰੂਸ ਚੀਨ ਲਈ ਵੀਤਨਾਮ ਲਈ
> ... ... ...

ਭਵਿਖ ਵਿਚ ਸਮਾਜਵਾਦੀ ਸਮਾਜਕ ਪ੍ਰਬੰਧ ਕਾਇਮ ਹੋਣ ਪਿਛੋਂ ਸੰਸਾਰ ਦਾ ਨਕਸ਼ਾ ਕਿਹੋ ਜਿਹਾ ਹੋਵੇਗਾ, ਜਾਂ ਇਉਂ ਕਹਿ ਲਓ ਕਿ ਸਮਾਜਵਾਦੀ ਸੋਚ ਵਾਲੇ ਲੋਕ ਇਸ ਸੰਸਾਰ ਨੂੰ ਭਵਿਖ ਵਿਚ ਕਿਹੋ ਜਿਹਾ ਦੇਖਣਾ ਲੋਚਦੇ ਹਨ—ਇਹ ਦੀ ਤਸਵੀਰ ਬਰਾੜ ਨੇ ਇਵੇਂ ਖਿਚੀ ਹੈ :

> ਅਸੀਂ ਗਲੋਬ ਤੋਂ ਹੱਦਾਂ ਬੰਨੇ ਢਾਵਾਂਗੇ
> ਦੁਨੀਆਂ ਇਕ ਬਣਾਵਾਂਗੇ
> ਅਸੀਂ ਲੋਕਤਾ ਨੂੰ ਅਰਪਤ ਕਰਾਂਗੇ ਅਕਸੀਰ
> ਵੰਡਾਂਗੇ ਚਰਣਾਮਤ
> ਨੂਰ ਦੇਵੇਗੀ ਕਾਲੂਟੇ ਜੱਗ ਨੂੰ

ਸਾਡੀ ਜ਼ਮੀਰ
ਤਾਂ ਕਿ ਮਨੁਖ ਸਦੀਵ ਹੋ ਜਾਏ
ਤਾਂ ਕਿ ਮਨੁੱਖ ਅਮਰ ਹੋ ਜਾਏ

ਬਰਾੜ ਦੀ ਮਿਹਨਤਕਸ਼ ਜਮਾਤਾਂ ਪ੍ਰਤੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਬਾਰੇ ਕਿਸੇ ਵੀ ਲੋਕ-ਪਖੀ ਕਵੀ ਜਾਂ ਪਾਠਕ ਨੂੰ ਕੋਈ ਕਿੰਤੂ ਨਹੀਂ ਹੋ ਸਕਦਾ ਪਰ ਉਹਦਾ ਇਹ ਕਾਵਿ ਸੰਗ੍ਰਹਿ ਪੜ੍ਹਕੇ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਉਹਨੇ ਆਪਣੀ ਕਾਵਿ-ਰਚਨਾ ਵਿਚ ਜਿੰਨਾ ਜ਼ੋਰ ਮੌਜੂਦਾ ਸਮਾਜਕ ਨਿਜ਼ਾਮ ਨੂੰ ਬਦਲਣ ਤੇ ਲਾਇਆ ਹੈ ਓਨਾ ਇਸ ਸਮਾਜ ਦੇ ਸਮਾਜਕ ਸਭਿਆਚਾਰਕ ਵਾਤਾਵਰਣ ਅੰਦਰਲੀਆਂ ਮੁਸ਼ਕਲਾਂ, ਚੁਣੌਤੀਆਂ, ਪਿਛਾਖੜ ਅਤੇ ਸੰਕਟ ਨੂੰ ਗਹਿਰਾਈ ਤਕ ਸਮਝਣ ਦੀ ਕੋਸ਼ਿਸ਼ ਉਤੇ ਨਹੀਂ ਲਾਇਆ। ਉਹਦੀ ਕਵਿਤਾ ਦਾ ਇਹ ਵਿਸ਼ੇਸ਼ ਪੱਖ ਉਹਨੂੰ ਸੁਰਜੀਤ ਪਾਤਰ ਦੀ ਕਾਵਿ ਸ਼ੈਲੀ ਤੋਂ ਨਿਖੇੜਦਾ ਹੈ—ਪਾਤਰ ਆਪਣੀ ਕਾਵਿ-ਰਚਨਾ ਵਿਚ ਜਿੰਨੀ ਸੰਵੇਦਨਸ਼ੀਲਤਾ ਅਤੇ ਸੂਖਮਤਾ ਨਾਲ ਮੌਜੂਦਾ ਸਮਾਜ ਦਾ ਯਥਾਰਥ ਪੇਸ਼ ਕਰਦਾ ਹੈ, ਓਨਾਂ ਜ਼ੋਰ ਉਹ ਇਸ ਯਥਾਰਥ ਨੂੰ ਬਦਲਣ ਤੇ ਨਹੀਂ ਲਾਉਂਦਾ। ਇਹਦੇ ਬਾਰੇ ਮੇਰਾ ਆਪਣਾ ਸੁਝਾਅ ਹੈ ਕਿ ਸਫ਼ਲ ਲੋਕ-ਪੱਖੀ ਕਵਿਤਾ ਵਿਚ ਇਨਾਂ ਦੋਨਾਂ ਤੱਤਾਂ ਦਾ ਸੁਮੇਲ ਹੋਵੇ ਤਾਂ ਪ੍ਰਭਾਵ ਹੋਰ ਵੀ ਠੋਸ ਹੋਵੇਗਾ। ਹਜ਼ਾਰਾਂ ਸਾਲਾਂ ਤੋਂ ਲੁਟ, ਕੰਗਾਲੀ, ਜਹਾਲਤ ਅਤੇ ਗੁਲਾਮੀ ਹੇਠ ਪਿਸ ਰਹੇ ਸਾਡੇ ਸਮਾਜਕ ਪ੍ਰਬੰਧ ਨੂੰ ਸਮਝਣ ਲਈ ਸਾਨੂੰ ਇਕ ਵਿਸ਼ਾਲ ਅਤੇ ਗਹਿਰੇ ਅਧਿਅਨ ਅਤੇ ਸਬਰ ਦੀ ਲੋੜ ਹੈ। ਜਿਉਂ ਜਿਉਂ ਅਸੀਂ ਭਾਰਤ ਦੇ ਸਮਾਜਕ ਪ੍ਰਬੰਧ ਨੂੰ ਡੂੰਘਾਈ ਤਕ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਤਿਉਂ ਤਿਉਂ ਤਿਉਂ ਸਾਡੇ ਸਾਹਮਣੇ ਨਵੀਆਂ ਹੀ ਮੁਸ਼ਕਲਾਂ ਅਤੇ ਚੁਣੌਤੀਆਂ ਆ ਖੜਦੀਆਂ ਹਨ। ਸਦੀਆਂ ਪੁਰਾਣੇ ਜਗੀਰੂ ਸੰਸਕਾਰਾਂ ਅਤੇ ਰੂੜ੍ਹੀਵਾਦੀ ਕਦਰਾਂ ਤੋਂ ਮੁਕਤ ਹੋਏ ਬਗੈਰ ਇਸ ਸਮਾਜ ਨੂੰ ਬਦਲੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਕਵਿਤਾਂ ਵਿਚ ਧਰਮ ਅਤੇ ਰੱਬ ਦੇ ਸਕੰਲਪ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕਰਨਾ ਵੀ ਅਜ ਬਹੁਤ ਅਹਿਮ ਸਵਾਲ ਬਣਕੇ ਸਾਡੇ ਸਾਹਮਣੇ ਆਇਆ ਹੈ। ਮੌਜੂਦਾ ਸੰਕਟਗ੍ਰਸਤ ਹਾਲਤਾਂ ਅੰਦਰ ਹੁਣ ਤਾਂ ਲੇਖਕਾਂ ਨੂੰ ਲੋਕਾਂ ਨੂੰ ਸਿਆਸੀ ਅਤੇ ਆਰਥਕ ਤੌਰ ਤੇ ਚੇਤਨ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਵਿਵੇਕਸ਼ੀਲ ਬਨਾਉਣ ਲਈ ਵੀ ਇਕ ਵਿਸ਼ਾਲ ਸਭਿਆਚਾਰਕ (ਮਨੋਵਿਗਿਆਨਕ) ਲਹਿਰ ਉਸਾਰਨੀ ਪਵੇਗੀ, ਇਕ ਅਜੇਹੀ ਵਿਆਪਕ ਲਹਿਰ ਜੋ ਉਨ੍ਹਾਂ ਨੂੰ ਧਰਮ ਅਤੇ ਫਿਰਕੂ ਜਨੂੰਨ ਦੇ ਤਲਿਸਮੀ ਜਾਲ ਵਿਚੋਂ ਕੱਢਕੇ ਅਸਲੀ ਦੁਸ਼ਮਣ ਦੀ ਪਹਿਚਾਣ ਕਰਾ ਸਕੇ। ਪਿਛਲੀ ਪੀੜ੍ਹੀ ਦੇ ਕਵੀਆਂ ਲਈ ਇਹ ਮਸਲਾ ਸ਼ਾਇਦ ਏਨਾ ਭਿਆਨਕ ਨਹੀਂ ਸੀ ਜਿਵੇਂ ਕਿ ਸਥਿਤੀ ਅੱਜ ਹੈ। ਅਜ ਫਿਰਕੂ ਅਤੇ ਧਾਰਮਿਕ ਜਨੂੰਨ ਲੋਕ-ਪੱਖੀ ਲੇਖਕਾਂ ਦੇ ਸਾਹਮਣੇ ਇਕ ਵੱਡੀ ਚੁਣੌਤੀ ਬਣਕੇ ਆਇਆ ਹੈ—ਇਸ ਚੁਣੌਤੀ ਨੂੰ ਉਨ੍ਹਾਂ ਨੇ ਕਬੂਲ ਕਰਨਾ ਹੈ। ਸੁਰਜੀਤ ਬਰਾੜ ਨੇ ਆਪਣੀਆਂ ਤਾਜ਼ਾ ਰਚਨਾਵਾਂ ਵਿਚ ਤਾਂ ਮੌਜੂਦਾ ਧਾਰਮਕ ਕੱਟੜਵਾਦ ਅਤੇ ਫਿਰਕੂ ਜਨੂੰਨ ਨੂੰ ਨੰਗਿਆਂ ਕਰਨ ਦੀ ਦਲੇਰੀ ਕੀਤੀ ਹੈ ਪਰ ਇਸ ਸੰਗ੍ਰਹਿ ਵਿਚ ਅਜੇਹੀਆਂ ਰਚਨਾਵਾਂ ਨਜ਼ਰ ਨਹੀਂ ਆਈਆਂ।

ਪੰਜਾਬੀ ਕਵਿਤਾ ਦੇ ਵਿਕਾਸ ਅਤੇ ਪ੍ਰਭਾਵ ਬਾਰੇ ਗੱਲ ਹੋਰ ਅਗਾਂਹ ਤੁਰਦੀ ਹੈ: ਪ੍ਰੋ: ਮੋਹਣ ਸਿੰਘ ਦੇ 'ਸਾਵੇ ਪੱਤਰ' ਤੋਂ ਲੈ ਕੇ 'ਪਹੁੰਚੇ ਹਾਂ ਕਿਸ ਮੁਕਾਮ ਤੇ' (ਪਲਸ ਮੰਚ ਵਲੋਂ ਪ੍ਰਕਾਸ਼ਤ ਤਾਜ਼ਾ ਕਾਵਿ ਸੰਗ੍ਰਹਿ) ਤਕ ਅਸੀਂ ਪੰਜਾਬੀ ਕਵਿਤਾ ਦੇ ਪ੍ਰਗਤੀਵਾਦੀ ਦੌਰ 'ਚੋਂ ਹੁੰਦੇ ਹੋਏ ਨਵ-ਪ੍ਰਗਤੀਵਾਦੀ ਕਵਿਤਾ ਦੇ ਇਕ ਲੰਬੇ ਤਜਰਬੇ ਵਿਚੋਂ ਗੁਜ਼ਰ ਚੁਕੇ ਹਾਂ—ਇਸ ਅਰਸੇ ਦੌਰਾਨ ਸੈਂਕੜੇ ਹੀ ਪ੍ਰਗਤੀਸ਼ੀਲ ਕਵੀਆਂ ਦੇ ਸੈਂਕੜੇ ਹੀ ਪ੍ਰਗਤੀਸ਼ੀਲ ਕਾਵਿ ਸੰਗ੍ਰਹਿ ਛਪੇ ਅਤੇ ਰਲੀਜ਼ ਹੋਏ, ਪਰ ਕੀ ਇਹ ਇਕ ਕੌੜਾ ਸਚ ਨਹੀਂ ਕਿ ਇਹ ਸਾਰੀ ਕਾਵਿ ਸਿਰਜਣਾ ਹਮੇਸ਼ਾ ਹੀ ਗਿਣੇ ਮਿਥੇ ਕਵੀਆਂ ਜਾਂ ਅਲੋਚਕਾਂ ਵਿਚਕਾਰ ਹੀ ਚਰਚਾ ਦਾ ਵਿਸ਼ਾ ਬਣਕੇ ਰਹਿ ਜਾਂਦੀ ਰਹੀ, ਅਸੀਂ ਆਪਣੇ ਆਪ ਨੂੰ ਅਗਾਹਵਧੂ ਕਹਾਉਣ ਵਾਲੇ ਕਵੀ ਇਸੇ ਸੀਮਤ ਚਰਚਾ ਨਾਲ ਸੰਤੁਸ਼ਟ ਹੋ ਜਾਂਦੇ ਰਹੇ। ਜਨ ਸਾਧਾਰਣ ਲੋਕਾਂ ਦੀ ਸੋਚ ਨੂੰ ਤਰਕਵਾਦੀ/ਪਦਾਰਥਵਦੀ ਬਣਾਉਣ ਲਈ ਕਵੀ ਜਾਂ ਲੇਖਕ ਨੂੰ ਖੁਦ ਇਕ ਲੰਮੇ ਮਨੋਵਿਗਿਆਨਕ ਅਤੇ ਸਿਆਸੀ ਵਿਕਾਸ ਵਿਚੋਂ ਗੁਜ਼ਰਨਾ ਪਵੇਗਾ। ਲੋਕਾਂ ਨੂੰ ਨਿਤ ਵਧ ਰਹੀ ਲੁੱਟ ਅਤੇ ਜਬਰ ਤੋਂ ਸੁਚੇਤ ਕਰਨ ਲਈ ਵਿਅਕਤੀ ਅਤੇ ਸਮਾਜ ਦੇ ਡਾਇਆਲੈਕਟ (dialect) ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਲੋਕ ਇਵੇਂ ਹੀ ਵਾਰ ਵਾਰ ਹਾਕਮ ਅਤੇ ਲੁਟੇਰੀਆਂ ਜਮਾਤਾਂ ਦੀ ਦੰਭੀ ਸਿਆਸਤ ਦਾ ਸ਼ਿਕਾਰ ਹੁੰਦੇ ਰਹਿਣਗੇ ਅਤੇ ਕਵਿਤਾ/ਸਾਹਿਤ ਦੇ ਖੇਤਰ ਵਿਚ ਸਾਡੀ ਸਾਰੀ ਘਾਲਣਾ ਧਰੀ ਧਰਾਈ ਰਹਿ ਜਾਵੇਗੀ। ਉਮੀਦ ਹੈ ਨੌਜਵਾਨ ਜੁਝਾਰ ਕਵੀ ਸੁਰਜੀਤ ਬਰਾੜ ਵੀ ਅਜੋਕੀ ਕਵਿਤਾ ਦੇ ਇਨ੍ਹਾਂ ਗੰਭੀਰ ਪ੍ਰਸ਼ਨਾਂ ਬਾਰੇ ਸੰਜੀਦਗੀ ਨਾਲ ਵਿਚਾਰ ਕਰੇਗਾ ਅਤੇ ਪੰਜਾਬੀ ਸਾਹਿਤ ਦੇ ਕਾਵਿ-ਖੇਤਰ ਅੰਦਰ ਅਗਾਂਹ ਹੋਰ ਵੀ ਸਾਰਥਕ ਰਚਨਾਵਾਂ ਦੇਣ ਦੀ ਕੋਸ਼ਿਸ਼ ਕਰੇਗਾ।

—ਗੁਰਬਖਸ਼ ਜੱਸ

Registered with the Registrar, News Papers, Vide No MA/12397-D dated 18.4 80
Post Office No. P/AR—133

**ਪੁਸਤਕ ਪਛਾਣ**—ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਅਜੋਕੇ ਪੰਜਾਬ ਦੀ ਸਥਿਤੀ ਬਾਰੇ ਚੋਣਵਾਂ ਕਹਾਣੀ ਸੰਗ੍ਰਹਿ **'ਤੀਲੇ ਤੇ ਆਲ੍ਹਣਾ'** ਸੰਪਾਦਕ : **ਹਮਦਰਦਵੀਰ ਨੌਸ਼ਹਿਰਵੀ** ਮੁਲ 5/—

ਜੋ ਕੁਝ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਵਿਚ ਵਾਪਰਿਆ, ਉਸ ਵਿਚ ਫਿਰਕੂ ਨਫਰਤ, ਧਾਰਮਿਕ ਜਨੂੰਨ, ਹਕੂਮਤੀ ਦਮਨ, ਵਿਉਂਤ ਬੰਦ ਕਤਲ ਸਭ ਸ਼ਾਮਿਲ ਸਨ। ਇਹ ਦੁਖਾਂਤ ਪੰਜਾਬ ਦਾ ਨਹੀਂ ਸੀ, ਸਮੁੱਚੇ ਭਾਰਤੀ ਸਮਾਜ ਦਾ ਸੀ। ਪੰਜਾਬੀ ਕਥਾ ਸਾਹਿਤ ਵਿਚ ਇਸੈ ਵਿਸ਼ੇ ਤੇ ਜ਼ੋਰਦਾਰ ਕਹਾਣੀਆਂ ਲਿਖੀਆਂ ਗਈਆਂ, ਜਿਨ੍ਹਾਂ ਵਿਚ ਲੇਖਕਾਂ ਦੀ ਪਹੁੰਚ ਬਹੁਤ ਹੱਦ ਤੱਕ ਸੈਕੂਲਰ ਸੀ। ਉਹਨਾਂ ਵਿਚੋਂ ਕੁਝ ਚੋਣਵੀਆਂ ਕਹਾਣੀਆਂ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ। ਸੁਖਬੀਰ ਦੀ ਇਹ ਕਹਾਣੀ ਭਾਵੇਂ ਪਹਿਲੇ ਵਕਤਾਂ ਵਿਚ ਲਿਖੀ ਗਈ ਹੈ, ਪਰ ਇਸ ਦੀ ਸ਼ਮੂਲੀਅਤ ਇਸ ਲਈ ਕੀਤੀ ਗਈ ਹੈ ਕਿਉਂਕਿ ਉਹ ਸਾਡੇ ਅਜ ਦੇ ਸੰਤਾਪ ਨਾਲ ਉਸ ਸੰਤਾਪ ਦੀ ਸਾਂਝ ਪਾਂਦਾ ਹੈ, ਜੋ 1947 ਵਿਚ ਅਸਾਂ ਭੋਗਿਆ। ਪਾਠਕਾਂ ਦੀ ਜਾਣਕਾਰੀ ਲਈ ਇਹਨਾਂ ਕਹਾਣੀਆਂ ਦੀ ਸੰਖੇਪ ਪਛਾਣ ਅਸੀਂ ਹੇਠ ਦੇ ਰਹੇ ਹਾਂ।

o **ਇਕ ਰਾਤ ਸੱਤ ਰਾਤਾਂ/ਸੁਖਬੀਰ :** 1947 ਦੇ ਪਿਛੋਕੜ ਵਿਚ ਲਿਖੀ ਇਕ ਨਾ ਭੁੱਲਣ ਵਾਲੀ ਦਾਸਤਾਨ, ਜਦੋਂ ਸੱਭ ਉਹਨਾਂ ਕਦਰਾਂ ਕੀਮਤਾਂ ਦਾ ਨਾਸ ਹੋ ਗਿਆ, ਜਿਨ੍ਹਾਂ ਨੂੰ ਮਨੁੱਖ ਪਿਆਰਦਾ ਸੀ ਤੇ ਪਿਆਰਦਾ ਹੈ।

o **ਭੁੱਲੇ ਹੋਏ/ਸੰਤੋਖ ਸਿੰਘ ਧੀਰ :** ਮੋਟਰ ਸਵਾਰ ਤਿੰਨ ਵਿਅਕਤੀਆਂ ਦੀ ਕਹਾਣੀ ਜੋ ਰਾਹ ਤੋਂ ਭੁਲੇ ਹੋਏ ਸਨ। ਪੰਜਾਬ ਦੀ ਸਥਿਤੀ ਦਾ ਇਕ ਪ੍ਰਤੀਕਾਤਮ ਪ੍ਰਗਟਾਵਾ। ਕਥਾ ਸਾਹਿਤ ਦੀ ਇਕ ਵਧੀਆ ਮਿਸਾਲ ਹੈ।

o **ਮੁਰਗੇ ਦਾ ਪੰਜਾ/ਗੁਲਜ਼ਾਰ ਸਿੰਘ ਸੰਧੂ :** ਪ੍ਰਧਾਨ ਮੰਤਰੀ ਦੀ ਹੱਤਿਆ ਦੇ ਬਾਅਦ ਦਿੱਲੀ ਵਿਚ ਵਾਪਰੀਆਂ ਘਟਨਾਵਾਂ ਉਤੇ ਇਕ ਸ਼ਕਤੀਸਾਲੀ ਵਿਅੰਗ, ਵਿਸ਼ਸ਼ ਸ਼ੈਲੀ ਵਿੱਚ ਲਿਖੀ ਇਹ ਕਹਾਣੀ, ਕਹਾਣੀ-ਕਲਾ ਦਾ ਸਿਖਰ ਹੈ।

o **ਕਹਾਣੀ ਜਾਰੀ ਹੈ/ਜੋਗਿੰਦਰ ਸਿੰਘ ਨਿਰਾਲਾ :** ਜਦੋਂ ਮਨੁੱਖ ਧਾਰਮਕ ਜਨੂੰਨ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਫਿਰ ਉਥੇ ਅਕਲ ਤੇ ਦਲੀਲ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਵਿੱਲਖਣ ਸ਼ੈਲੀ ਵਿਚ ਲਿਖੀ ਨਿਰਾਲਾ ਦੀ ਇਹ ਕਹਾਣੀ ਇਸ ਸੰਗ੍ਰਹਿ ਵਿਚ ਵਿਸ਼ੇਸ਼ ਥਾਂ ਰਖਦੀ ਹੈ।

o **ਪਛਾਣ/ਮੁਖਤਾਰ ਸਿੰਘ :** ਲੋਅਰ ਦੀ ਸ਼ਕਲ ਵਿਚ ਇਕ ਬੱਚਾ ਉਹਨਾਂ ਨੂੰ ਪਛਾਣਦਾ ਹੈ ਜੋ ਪਹਿਲੇ ਕਤਲੋ-ਗਾਰਤ ਕਰਵਾਂਦੇ ਹਨ ਤੇ ਫੇਰ ਹਮਦਰਦੀ ਜਿਤਲਾਂਦੇ ਹਨ। ਇਕ ਸ਼ਕਤੀਸ਼ਾਲੀ ਕਹਾਣੀ ਜਿਸ ਵਿਚ ਵਿਅੰਗ ਵੀ ਹੈ ਤੇ ਤ੍ਰਾਸ ਵੀ ਹੈ।

o **ਕੀ ਪੁਤਰਾਂ ਦਾ ਮਾਣ/ਬਲਦੇਵ ਸਿੰਘ :** ਪੁਲਸ ਅਤੇ ਫੌਜ ਦਾ ਬੇਕਸੂਰ ਨੌਜਵਾਨਾਂ ਉਤੇ ਦਮਨ, ਟਾਊਟ ਕਿਸਮ ਦੇ ਸਰਕਾਰੀ ਬੰਦਿਆਂ ਦਾ ਦੋ ਮੂੰਹਾ ਕਿਰਦਾਰ : ਇਸ ਦੌਰ ਵਿਚ ਪੰਜਾਬ ਦੇ ਪਿੰਡਾਂ ਵਿਚ ਜੋ ਬੀਤਿਆ, ਉਹਦੇ ਬਾਰੇ ਇਹ ਇਕ ਸ਼ਕਤੀਸ਼ਾਲੀ ਕਹਾਣੀ ਹੈ। ਇਸ ਕਹਾਣੀ ਦੇ ਅਧਾਰ ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਅਜ ਦੇ ਪੰਜਾਬੀ ਗਲਪ ਸਾਹਿੱਤ ਵਿਚ ਇਕ ਸਿਰਕੱਢ ਨਾਂ ਹੈ।

o **ਕੱਚ ਦੇ ਟੁੱਕੜੇ/ਰਣਜੀਤ ਰਾਹੀ :** ਦਿੱਲੀ ਦੀਆਂ ਘਟਨਾਵਾਂ ਉਤੇ ਆਧਾਰਤ ਇਕ ਐਸੇ ਵਿਅਕਤੀ ਦੀ ਕਹਾਣੀ, ਜੋ ਪੰਜਾਬ ਦੇ ਸਮੁੱਚੇ ਦੁਖਾਂਤ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। ਗੁੰਮ ਹੋਈਆਂ ਮਨੁੱਖੀ ਕਦਰਾਂ ਕੀਮਤਾਂ ਵਿਚ ਆਸ ਦੀ ਕਿਰਨ ਇਸ ਕਹਾਣੀ ਦਾ ਵਿਸ਼ਾ ਹੈ।

o **...ਤੇ ਫੁਰ/ਪ੍ਰੇਮ ਸ਼ਰਮਾਂ :** ਪੰਜਾਬ ਦੀ ਸਾਰੀ ਸਥਿਤੀ ਦੀ ਬੇਤੁੱਕੀ, ਜਿਸ ਨਾਟਕੀ ਅੰਦਾਜ਼ ਰਾਹੀਂ ਇਸ ਕਹਾਣੀ ਵਿਚ ਦਸੀ ਗਈ ਹੈ, ਉਹ ਇਸ ਸੰਗ੍ਰਹਿ ਵਿਚ ਇਸ ਕਹਾਣੀ ਨੂੰ ਇਕ ਵਿਸ਼ੇਸ਼ ਥਾਂ ਦੇਂਦੀ ਹੈ।

o **ਖੰਡਰ ਘਰ ਕਦੋਂ ਬਣਨਗੇ/ਹਮਦਰਦਵੀਰ :** ਆਪਣੀ ਹੀ ਵਿਸ਼ੇਸ਼ ਸ਼ੈਲੀ ਵਿਚ ਲਿਖੀ ਇਹ ਕਹਾਣੀ ਪੰਜਾਬ ਦੀ ਸਥਿਤੀ ਨੂੰ ਇਕ ਜਮਾਤੀ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ ਅਤੇ ਸੰਪਾਦਕ ਦੇ ਏਸ ਵਿਸ਼ੇ ਤੇ ਸਭ ਤੋਂ ਵਧੀਆਂ ਕਹਾਣੀ ਹੋਣ ਦੇ ਦਾਅਵੇ ਨੂੰ ਵੀ ਪੂਰਾ ਕਰਦੀ ਹੈ।

o **ਮਨੁੱਖ ਦੀ ਬੇਅੱਦਬੀ/ਰਾਮ ਸਰੂਪ ਅਣਖੀ :** ਮੈਂ ਤੁਹਾਨੂੰ ਇਕ ਲਤੀਫਾ ਸੁਣਾਂਦਾ ਹਾਂ, ਕਹਾਣੀ ਇਥੋਂ ਸ਼ੁਰੂ ਹੁੰਦੀ ਹੈ। ਏਸ ਲਤੀਫ਼ੇ ਵਿਚ ਹੀ ਅਣਖੀ ਨੇ ਪੰਜਾਬ ਦੀ ਸਥਿਤੀ ਉਤੇ ਟਿਪਣੀ ਕੀਤੀ ਹੈ ਕਿ ਕੱਲ ਨੂੰ ਜਦੋਂ ਪੰਜਾਬ ਦੇ ਇਸ ਦੌਰ ਦਾ ਇਤਹਾਸ ਲਿਖਿਆ ਜਾਏਗਾ ਤਾਂ ਸਾਡੀ ਬੇਸਮਝੀ ਇਕ ਲਤੀਫੇ ਦੀ ਸ਼ਕਲ ਵਿਚ ਸਾਡਾ ਮਜ਼ਾਕ ਉਡਾਏਗੀ। ਅਣਖੀ ਕੋਲ ਗੱਲ ਦੀ ਤਹਿ ਵਿਚ ਵੇਖਣ ਵਾਲੀ ਅੱਖ ਹੈ ਅਤੇ ਇਹ ਕਹਾਣੀ ਉਸ ਦਾ ਪ੍ਰਮਾਣਿਕ ਸਬੂਤ ਹੈ।

o **ਲੀਰੋ ਲੀਰ ਮਨੁੱਖਤਾ/ਗੁਲਵੰਤ ਮਲੌਦਵੀ :** ਕਥਾ ਸਾਹਿਤ ਵਿਚ ਇਹ ਨਵਾਂ ਨਾਂ ਇਕ ਪ੍ਰੌੜ ਕਹਾਣੀ ਕਹਿ ਗਿਆ ਹੈ। ਇਸ ਕਹਾਣੀ ਦੀ ਸ਼ਮੂਲੀਅਤ ਇਸ ਸੰਗ੍ਰਹਿ ਨੂੰ ਇਸ ਦੌਰ ਦਾ ਨੁਮਾਇੰਦਾ ਕਹਾਣੀ ਸੰਗ੍ਰਹਿ ਬਨਾਉਣ ਵਿਚ ਸਹਾਇਤਾ ਦੇਂਦੀ ਹੈ।

—ਸੰਪਾਦਕ ਸਮਤਾ